# ਭਾਰਤੀ ਖੇਤੀ ਵਿੱਚ ਪੂੰਜੀਵਾਦੀ ਵਿਕਾਸ

## (1990 ਤੋਂ ਬਾਅਦ ਵਾਪਰੀਆਂ ਤਬਦੀਲੀਆਂ ਦਾ ਇੱਕ ਖਾਕਾ)

### (ਲੜੀ ਜੋੜਨ ਲਈ ਪੜ੍ਹੋ 'ਪ੍ਰਤੀਬੱਧ' ਅਕਤੂਬਰ-ਦਸੰਬਰ 2005)

**ਦੂਸਰੀ ਕਿਸ਼ਤ—**

**(4) ਪੇਂਡੂ ਗੈਰ ਖੇਤੀ ਰੋਜ਼ਗਾਰ—**

2001 ਦੀ ਜਨਗਣਨਾ ਅਨੁਸਾਰ ਭਾਰਤ ਦੀ 72.8% ਅਬਾਦੀ ਪਿੰਡਾਂ ਵਿੱਚ ਰਹਿ ਰਹੀ ਸੀ। ਪਰ ਪਿੰਡਾਂ ਵਿੱਚ ਰਹਿਣ ਵਾਲੀ ਸਾਰੀ ਦੀ ਸਾਰੀ ਅਬਾਦੀ ਹੀ ਖੇਤੀ 'ਤੇ ਨਿਰਭਰ ਨਹੀਂ ਹੈ। 1999-2000 ਵਿੱਚ ਸਿਰਫ 76% ਪੇਂਡੂ ਕਿਰਤੀ ਹੀ ਖੇਤੀ 'ਤੇ ਨਿਰਭਰ ਸਨ। ਭਾਰਤ ਵਿੱਚ ਹੋਏ ਪੂੰਜੀਵਾਦੀ ਵਿਕਾਸ ਸਦਕਾ ਪੇਂਡੂ ਖੇਤਰ ਵਿੱਚ ਰੋਜ਼ਗਾਰ ਵਿੱਚ ਵਿਭਿੰਨਤਾ ਆਈ ਹੈ। ਹੁਣ ਪੇਂਡੂ ਲੋਕਾਂ ਦੀ ਖੇਤੀ ਦੇ ਨਾਲ ਗੈਰ ਖੇਤੀ ਰੋਜ਼ਗਾਰਾਂ ਵਿੱਚ ਵੀ ਸ਼ਮੂਲੀਅਤ ਵਧੀ ਹੈ। ਪੇਂਡੂ ਖੇਤਰ ਦਾ ਜ਼ਰਈ ਖਾਸਾ ਤੇਜੀ ਨਾਲ ਬਦਲਿਆ ਹੈ।ਆਓ ਇਸ ਪ੍ਰੀਕ੍ਰਿਆ ਨਾਲ ਸਬੰਧਤ ਅੰਕੜਿਆਂ 'ਤੇ ਝਾਤ ਮਾਰਦੇ ਹਾਂ :-

**ਸਾਰਣੀ 47**

ਕਿਰਤ ਸ਼ਕਤੀ (ਵਿਅਕਤੀ) ਦੀ ਸਲਾਨਾ ਵਾਧਾ ਦਰ (ਪ੍ਰਿੰਸੀਪਲ (PS) ਅਤੇ ਸਬਸਿਡਰੀ ਸਟੇਟਸ (SS)ਵਰਕਰਜ਼) ਕੁੱਲ ਭਾਰਤ

| ਪੇਂਡੂ | | | | |
|---|---|---|---|---|
| ਸਾਲ | ਖੇਤੀ ਵਿਅਕਤੀ(10ਲੱਖ) | ਵਾਧਾ ਦਰ % | ਗੈਰ ਖੇਤੀ ਵਿਅਕਤੀ 10 ਲੱਖ | ਵਾਧਾ ਦਰ % |
| 1 | 2 | 3 | 4 | 5 |
| 1972-73 | 169.1 | - | 28.5 | - |
| 1977-78 | 183.5 | 1.64 | 36.5 | 5.07 |
| 1983 | 198.9 | 1.62 | 45.1 | 4.32 |
| 1987-88 | 201.8 | 0.28 | 55.9 | 4.39 |
| 1993-94 | 202.4 | ਨਾਮਾਤਰ | 57.0 | 0.33 |
| 1993 ਤੋਂ 1993-94 | - | 0.17 | - | 2.36 |

| ਪੇਂਡੂ+ਸ਼ਹਿਰੀ | | | | | |
|---|---|---|---|---|---|
| ਸਾਲ | ਖੇਤੀ ਵਿਅਕਤੀ 10 ਲੱਖ | ਵਾਧਾ ਦਰ % | ਗੈਰ ਖੇਤੀ ਵਿਅਕਤੀ 10 ਲੱਖ | ਵਾਧਾ ਦਰ % | ਕੁੱਲ ਕਾਮਿਆਂ ਵਿੱਚ ਗੈਰ ਖੇਤੀ ਕਾਮਿਆਂ ਦਾ ਹਿੱਸਾ |
| | 6 | 7 | 8 | 9 | 10 |
| 1972-73 | 174.9 | - | 61.8 | - | 26.1 |
| 1977-78 | 190.9 | 1.77 | 77.9 | 4.74 | 29.0 |
| 1983 | 207.9 | 1.69 | 98.2 | 4.09 | 32.1 |
| 1987-88 | 210.9 | 0.82 | 113.8 | 3.63 | 35.0 |
| 1993-94 | 210.7 | ਨਾਮਾਤਰ | 115.8 | 0.29 | 35.4 |
| 1993 ਤੋਂ 1993-94 | - | 0.15 | - | 1.66 | - |

ਸ੍ਰੋਤ:- ਇੰਡੀਅਨ ਜਨਰਲ ਆਫ ਐਗਰੀਕਲਚਰਲ ਇਕਨਾਮਿਕਸ ਅਪ੍ਰੈਲ ਜੂਨ 1998, ਪੰਨਾ- 144

**ਸਾਰਣੀ 48**

## ਪੇਂਡੂ ਕਾਮਿਆਂ(PS+SS) ਵਿੱਚ ਗੈਰ ਖੇਤੀ ਕਾਮਿਆਂ ਦਾ ਪ੍ਰਤੀਸ਼ਤ

(ਸਿਰਫ ਮਰਦਾਂ ਲਈ)

| ਰਾਜ<br>(1) | 1972-73<br>(2) | 1977-78<br>(3) | 1983<br>(4) | 1987-88<br>(5) | 1993-94<br>(6) |
|---|---|---|---|---|---|
| ਆਂਧਰਾ ਪ੍ਰਦੇਸ਼ | 21.4 | 19.7 | 25.6 | 25.90 | 24.4 |
| ਬਿਹਾਰ | 17.8 | 16.9 | 18.7 | 20.00 | 18.0 |
| ਗੁਜਰਾਤ | 16.1 | 15.6 | 21.1 | 31.40 | 28.9 |
| ਹਰਿਆਣਾ | 19.9 | 22.5 | 27.8 | 29.10 | 39.1 |
| ਹਿਮਾਚਲ ਪ੍ਰਦੇਸ਼ | 18.9 | 22.6 | 22.9 | 31.30 | 34.2 |
| ਕਰਨਾਟਕ | 14.8 | 16.8 | 18.4 | 24.40 | 21.6 |
| ਕੇਰਲਾ | 44.3 | 40.8 | 42.2 | 45.80 | 46.8 |
| ਮੱਧ ਪ੍ਰਦੇਸ਼ | 9.6 | 10.8 | 12.8 | 14.70 | 12.8 |
| ਉੜੀਸਾ | 18.4 | 15.4 | 21.8 | 25.10 | 21.3 |
| ਪੰਜਾਬ | 20.6 | 22.2 | 22.5 | 31.20 | 31.9 |
| ਰਾਜਸਥਾਨ | 15.6 | 17.5 | 19.0 | 34.80 | 30.4 |
| ਮਹਾਂਰਾਸ਼ਟਰ | 17.6 | 19.6 | 20.4 | 24.20 | 24.7 |
| ਤਾਮਿਲਨਾਡੂ | 24.6 | 26.1 | 31.1 | 34.80 | 36.0 |
| ਉੱਤਰ ਪ੍ਰਦੇਸ਼ | 18.1 | 19.8 | 21.3 | 21.10 | 23.7 |
| ਪੱਛਮੀ ਬੰਗਾਲ | 22.1 | 22.3 | 26.9 | 27.80 | 35.3 |
| ਕੁੱਲ ਭਾਰਤ | 19.3 | 19.5 | 22.4 | 25.50 | 25.9 |

ਸ੍ਰੋਤ ਉਪਰੋਕਤ ਪੰਨਾ 145

ਸਾਰਣੀ 47 ਤੋਂ ਦੇਖਿਆ ਜਾ ਸਕਦਾ ਹੈ ਕਿ 1972-73 ਵਿੱਚ ਕੁੱਲ ਕਾਮਾ ਵਸੋਂ ਵਿੱਚ ਗੈਰ ਖੇਤੀ ਕਾਮਿਆਂ ਦਾ ਹਿੱਸਾ ਮਹਿਜ਼ 26.1% ਸੀ ਜੋ ਕਿ ਦੋ ਦਹਾਕਿਆਂ (1993-94) ਵਿੱਚ ਵਧਕੇ 35.4% ਹੋ ਗਿਆ। 1972-73 ਤੋਂ ਲੈ ਕੇ 1987-88 ਤੱਕ ਗੈਰ ਖੇਤੀ ਰੋਜ਼ਗਾਰ ਵਿੱਚ ਤੇਜ਼ ਵਾਧਾ ਨਜ਼ਰ ਆਉਂਦਾ ਹੈ। ਜਦ ਕਿ 1987-88 ਤੋਂ 1993-94 ਦਰਮਿਆਨ ਗੈਰ ਖੇਤੀ ਰੋਜ਼ਗਾਰ ਵਿੱਚ ਵਾਧੇ ਦੇ ਸਬੰਧ ਵਿੱਚ ਲਗਭਗ ਖੜੋਤ ਵਾਲੀ ਸਥਿਤੀ ਦੇਖੀ ਜਾ ਸਕਦੀ ਹੈ। ਪਰ ਇਸ ਤੋਂ ਬਾਅਦ ਦੁਬਾਰਾ ਗੈਰ ਖੇਤੀ ਰੋਜ਼ਗਾਰ ਵਿੱਚ ਤਿੱਖਾ ਵਾਧਾ ਹੋਇਆ ਹੈ। 2001 ਦੀ ਜਨਗਣਨਾ ਅਨੁਸਾਰ ਭਾਰਤ ਦੀ ਕੁੱਲ ਕਾਮਾ ਵਸੋਂ 'ਚੋਂ 58.2% ਕਾਮੇ ਖੇਤੀ 'ਤੇ ਨਿਰਭਰ ਸਨ। ਇਸ ਦਾ ਮਤਲਬ ਇਹ ਹੋਇਆ ਕਿ 2001 ਵਿੱਚ 41.8% ਕਾਮੇ ਗੈਰ ਖੇਤੀ ਕਿੱਤਿਆਂ ਵਿੱਚ ਲੱਗੇ ਹੋਏ ਸਨ। ਇਸ ਤਰ੍ਹਾਂ ਦੇਖਿਆ ਜਾਵੇ ਤਾਂ 1993-94 ਤੋਂ 2001 ਦਰਮਿਆਨ ਗੈਰ ਖੇਤੀ ਕਾਮਿਆਂ ਵਿੱਚ 6.4% ਵਾਧਾ ਹੋਇਆ ਹੈ।

ਪੇਂਡੂ ਮਰਦ ਕਾਮਿਆਂ ਦੀ ਗੱਲ ਕਰੀਏ ਤਾਂ 1983 ਵਿੱਚ 77.5% ਮਰਦ ਕਾਮੇ ਖੇਤੀ 'ਚ ਲੱਗੇ ਹੋਏ ਸਨ, ਜੋ ਕਿ 1999-2000 ਵਿੱਚ 71.4% ਰਹਿ ਗਏ। ਇਸ ਤਰ੍ਹਾਂ ਇਸ ਸਮੇਂ ਦੌਰਾਨ ਖੇਤੀ 'ਚ ਲੱਗੇ ਹੋਏ ਮਰਦ ਕਾਮਿਆਂ ਦੀ ਸੰਖਿਆ ਵਿੱਚ 6.1% ਦੀ ਕਮੀ ਆਈ ਹੈ। ਦੂਸਰੇ ਸ਼ਬਦਾਂ ਵਿੱਚ ਇਸ ਸਮੇਂ ਦੌਰਾਨ ਲਗਭਗ 30% ਪੇਂਡੂ ਮਰਦ ਕਾਮੇ ਖੇਤੀ ਖੇਤਰ ਤੋਂ ਬਾਹਰ ਸਨ। ( ਇਕਨਾਮਿਕ ਐਂਡ ਪੋਲੀਟੀਕਲ ਵੀਕਲੀ 19 ਫਰਵਰੀ 2005, ਪੰਨਾ 756)

1993-94 ਵਿੱਚ ਭਾਰਤ ਦੇ ਪੇਂਡੂ ਖੇਤਰ ਵਿੱਚ ਕੁੱਲ ਘਰੇਲੂ ਆਮਦਨ ਵਿੱਚੋਂ 34% ਆਮਦਨ ਗੈਰ ਖੇਤੀ ਖੇਤਰ ਤੋਂ ਆਉਂਦੀ ਸੀ (ਸ੍ਰੋਤ ਉਪਰੋਕਤ ਪੰਨਾ 4433) 1999-2000 ਵਿੱਚ ਪੇਂਡੂ ਸ਼ੁੱਧ (Net) ਘਰੇਲੂ ਪੈਦਾਵਾਰ ਵਿੱਚ ਪੇਂਡੂ ਗੈਰ ਖੇਤੀ ਖੇਤਰ ਦਾ ਹਿੱਸਾ 45.59% ਸੀ ( ਸ੍ਰੋਤ ਇਕਨਾਮਿਕ ਐਂਡ ਪੋਲੀਟੀਕਲ ਵੀਕਲੀ 19,ਫਰਵਰੀ 2005, ਪੰਨਾ 756)।

ਸਾਰਨੀ 48 ਵਿੱਚ ਭਾਰਤ ਦੇ ਪੇਂਡੂ ਖੇਤਰ ਗੈਰ ਖੇਤੀ ਰੁਜ਼ਗਾਰ ਦਾ ਰਾਜਵਾਰ ਵੇਰਵਾ ਦਿੱਤਾ ਗਿਆ ਹੈ। ਗੁਜਰਾਤ, ਹਰਿਆਣਾ, ਹਿਮਾਚਲ ਪ੍ਰਦੇਸ਼, ਕੇਰਲਾ, ਪੰਜਾਬ, ਰਾਜਸਥਾਨ, ਪੱਛਮੀ ਬੰਗਾਲ ਆਦਿ ਅਜੇਹੇ ਰਾਜ ਹਨ ਜਿੱਥੇ ਗੈਰ ਖੇਤੀ

ਰੋਜ਼ਗਾਰ ਕੌਮੀ ਔਸਤ (25.9%) ਤੋਂ ਵਧੇਰੇ ਹੈ। ਨੈਸ਼ਨਲ ਸੈਂਪਲ ਸਰਵੇ ਦੇ 50ਵੇਂ ਰਾਊਂਡ (1993-94) ਮੁਤਾਬਕ 32.9% ਪੇਂਡੂ ਪਰਿਵਾਰ ਖੇਤੀ ਖੇਤਰ ਤੋਂ ਬਾਹਰ ਸਨ ਜਦੋਂ ਕਿ 2001-02 ਦੇ 57ਵੇਂ ਰਾਊਂਡ ਅਨੁਸਾਰ ਪੰਜਾਬ, ਹਰਿਆਣਾ ਅਤੇ ਕੇਰਲਾ ਦੇ 50% ਪੇਂਡੂ ਪਰਿਵਾਰ ਖੇਤੀ ਤੋਂ ਬਾਹਰ ਸਨ ਜਦੋਂ ਕਿ ਜੰਮੂ-ਕਸ਼ਮੀਰ, ਪੱਛਮੀ ਬੰਗਾਲ, ਹਿਮਾਚਲ ਪ੍ਰਦੇਸ਼ ਅਤੇ ਬਿਹਾਰ (ਜੀ ਹਾਂ ਬਿਹਾਰ) ਦੇ ਲਗਭਗ 40% ਪੇਂਡੂ ਪਰਿਵਾਰ ਖੇਤੀ ਖੇਤਰ ਤੋਂ ਬਾਹਰ ਸਨ। (ਸ੍ਰੋਤ ਉਪਰੋਕਤ, ਪੰਨਾ 756)

ਐੱਨ. ਐੱਸ. ਐੱਸ. ਓ. ਦੇ ਸਰਵੇ ਮੁਤਾਬਿਕ 1992 ਤੋਂ 2004 ਦਰਮਿਆਨ ਪੇਂਡੂ ਭਾਰਤ ਵਿੱਚ ਖੇਤੀ ਰੋਜ਼ਗਾਰ ਵਿੱਚ 13% ਦੀ ਕਮੀ ਆਈ ਹੈ। ਭਾਵੇਂ ਭਾਰਤ ਦੇ ਪੇਂਡੂ ਖੇਤਰ ਵਿੱਚ ਅਜੇ ਵੀ ਅਬਾਦੀ ਦਾ ਵੱਡਾ ਹਿੱਸਾ ਖੇਤੀ ਖੇਤਰ ਵਿੱਚ ਲੱਗਾ ਹੋਇਆ ਹੈ, ਪਰ ਪੇਂਡੂ ਖੇਤਰ ਵਿੱਚ ਸੇਵਾ ਖੇਤਰ ਵੀ ਤੇਜ਼ੀ ਨਾਲ ਵਧ ਫੁੱਲ ਰਿਹਾ ਹੈ। ਸੇਵਾ ਖੇਤਰ ਵਿੱਚ, ਉਸਾਰੀ, ਵਪਾਰ, ਆਵਾਜਾਈ , ਵਿੱਤੀ ਸੇਵਾਵਾਂ ਆਦਿ ਆਉਂਦੀਆਂ ਹਨ। ਬੈਂਕਾਂ ਨੇ ਵੀ ਪੇਂਡੂ ਖੇਤਰਾਂ ਵਿੱਚ ਆਪਣੀਆਂ ਸ਼ਾਖਾਵਾਂ ਖੋਲ੍ਹਣੀਆਂ ਸ਼ੁਰੂ ਕਰ ਦਿੱਤੀਆਂ ਹਨ। ਉਸਾਰੀ ਦੇ ਕੰਮ ਵਿੱਚ ਵਾਧੇ ਨੇ ਪੇਂਡੂ ਖੇਤਰ ਵਿੱਚ ਰੁਜ਼ਗਾਰ ਦੀ ਵਿਭਿੰਨਤਾ ਵਧਾਉਣ ਵਿੱਚ ਵਧੇਰੇ ਭੂਮਿਕਾ ਨਿਭਾਈ ਹੈ।

ਦਰਅਸਲ, ਮਰਦ ਕਾਮਿਆਂ ਦੇ ਮਾਮਲੇ ਵਿੱਚ ਪੇਂਡੂ ਖੇਤਰ ਵਿੱਚ ਸੇਵਾ ਖੇਤਰ ਵਿੱਚ ਰੋਜ਼ਗਾਰ ਵਿੱਚ ਨੈਸ਼ਨਲ ਸੈਂਪਲ ਸਰਵੇ ਦੇ 59 ਵੇਂ ਅਤੇ 60ਵੇਂ (2005) ਰਾਊਂਡ ਦਰਮਿਆਨ 19 ਫੀਸਦੀ ਵਾਧਾ ਹੋਇਆ ਹੈ ਜਦੋਂ ਕਿ ਔਰਤ ਕਾਮਿਆਂ ਦੇ ਸਬੰਧ 'ਚ ਇਹ ਵਾਧਾ ਲਗਭਗ 25% ਰਿਹਾ ਹੈ।

### ਪ੍ਰਤੀ ਹਜ਼ਾਰ ਕਾਮਿਆਂ ਪਿੱਛੇ ਸੇਵਾ ਖੇਤਰ ਵਿੱਚ ਲੱਗੇ ਕਾਮੇ

| | 60 ਵਾਂ ਰਾਊਂਡ | 59 ਵਾਂ ਰਾਊਂਡ |
|---|---|---|
| ਪੇਂਡੂ ਮਰਦ | 180 | 151 |
| ਪੇਂਡੂ ਔਰਤਾਂ | 65 | 53 |
| ਸ਼ਹਿਰੀ ਮਰਦ | 590 | 601 |
| ਸ਼ਹਿਰੀ ਔਰਤਾਂ | 530 | 497 |

ਸ੍ਰੋਤ — ਇਕਨਾਮਿਕ ਟਾਈਮਜ਼ 13 ਦਸੰਬਰ 2005

## (5) ਪਟੇਦਾਰੀ ਸਬੰਧ

ਪਟੇਦਾਰੀ ਜ਼ਰਈ ਖੇਤਰ ਦੇ ਪੈਦਾਵਾਰੀ ਸਬੰਧਾਂ ਦੀ ਪੜਤਾਲ ਕਰਨ ਲਈ ਇੱਕ ਹੋਰ ਅਹਿਮ ਸੂਚਕ ਹੈ। ਜਮੀਨ ਦੇ ਮਾਲਕ ਜਗੀਰਦਾਰ ਅਤੇ ਉਹਨਾਂ ਤੋਂ ਜ਼ਮੀਨ ਪਟੇ 'ਤੇ ਲੈ ਕੇ, ਆਪਣੇ ਸੰਦਾਂ ਨਾਲ਼ ਭੋਇੰ ਦੀ ਵਾਹੀ ਕਰਕੇ, ਫਸਲ ਤਿਆਰ ਹੋਣ 'ਤੇ ਜਗੀਰਦਾਰ ਨੂੰ ਹਿੱਸਾ (ਲਗਾਨ) ਦੇਣ ਵਾਲੇ ਮੁਜ਼ਾਰੇ, ਜਗੀਰੂ ਪੈਦਾਵਾਰੀ ਸਬੰਧਾਂ ਨੂੰ ਪ੍ਰਗਟਾਉਣ ਵਾਲੀਆਂ ਦੋ ਪ੍ਰਮੁੱਖ ਜਮਾਤਾਂ ਹਨ, ਜਦੋਂਕਿ ਖੇਤੀ ਵਿੱਚ ਸਰਮਾਏਦਾਰਾ ਪੈਦਾਵਾਰੀ ਸਬੰਧਾਂ ਦੇ ਵਿਕਸਿਤ ਹੋਣ ਨਾਲ ਸਰਮਾਏਦਾਰ ਭੂਮੀਪਤੀ ਅਤੇ ਉਹਨਾਂ ਦੇ ਵਿਰੋਧੀ ਉਜ਼ਰਤੀ ਖੇਤ ਮਜ਼ਦੂਰ ਜਨਮ ਲੈਂਦੇ ਹਨ। ਜਿਸ ਦੀ ਪੜਤਾਲ ਅਸੀਂ ਪਹਿਲਾਂ ਹੀ ਇਸ ਲੇਖ ਵਿੱਚ ਕਰ ਚੁੱਕੇ ਹਾਂ। ਲੇਖ ਦੇ ਇਸ ਹਿੱਸੇ ਵਿੱਚ ਅਸੀਂ ਭਾਰਤ ਦੇ ਜ਼ਰਈ ਖੇਤਰ ਵਿੱਚ ਅਜ਼ਾਦੀ ਤੋਂ ਬਾਅਦ ਪਟੇਦਾਰੀ ਸਬੰਧਾਂ ਵਿੱਚ ਆਈਆਂ ਤਬਦੀਲੀਆਂ ਦੀ ਪੜਤਾਲ ਕਰਾਂਗੇ।

ਇਸ ਗੱਲ ਦੇ ਸਪੱਸ਼ਟ ਸਬੂਤ ਹਨ ਕਿ ਅਜ਼ਾਦੀ ਤੋਂ ਬਾਅਦ ਦੇ ਦਹਾਕਿਆਂ ਦੌਰਾਨ ਪਟੇਦਾਰੀ ਦੇ ਵਰਤਾਰੇ ਵਿੱਚ ਮਹੱਤਵਪੂਰਨ ਕਮੀ ਆਈ ਹੈ ਅਤੇ ਪਟੇਦਾਰੀ ਸਬੰਧਾਂ ਦਾ ਖਾਸਾ ਵੀ ਮਹੱਤਵਪੂਰਨ ਰੂਪ ਵਿੱਚ ਤਬਦੀਲ ਹੋਇਆ ਹੈ। ਅੱਜ ਭਾਰਤ ਦੇ ਜ਼ਰਈ ਖੇਤਰ ਵਿੱਚ ਪਟੇਦਾਰੀ ਦਾ ਜੋ ਰੂਪ ਪਾਇਆ ਜਾ ਰਿਹਾ ਹੈ, ਉਸਦੀ ਤੁਲਨਾ ਕਿਸੇ ਵੀ ਰੂਪ ਵਿੱਚ ਅਜ਼ਾਦੀ ਤੋਂ ਪਹਿਲਾਂ ਦੀ ਜਗੀਰਦਾਰੀ ਪਟੇਦਾਰੀ ਨਾਲ ਨਹੀਂ ਕੀਤੀ ਜਾ ਸਕਦੀ, ਕਿਉਂਕਿ ਹੁਣ ਗੈਰ ਆਰਥਿਕ ਦਬਾਵਾਂ ਜ਼ਰੀਏ ਮੁਜ਼ਾਰਿਆਂ ਤੋਂ ਵਗਾਰ ਦੇ ਰੂਪ ਵਿੱਚ ਵਾਫ਼ਰ ਕਦਰ ਹਥਿਆਉਣ ਜੇਹੇ ਵਰਤਾਰੇ ਨਾ ਮਾਤਰ ਹੀ ਰਹਿ ਗਏ ਹਨ, ਜੋ ਕਿ ਜਗੀਰੂ ਪੈਦਾਵਾਰੀ ਸਬੰਧਾਂ ਦੀ ਇੱਕ ਮਹੱਤਵਪੂਰਨ ਖਾਸੀਅਤ ਸਨ।

ਹਾਸਲ ਅੰਕੜੇ ਸਮਾਂ ਬੀਤਣ ਨਾਲ ਪਟੇਦਾਰੀ ਦੇ ਵਰਤਾਰੇ ਵਿੱਚ ਮਹੱਤਵਪੂਰਨ ਕਮੀ ਦਰਸਾਉਂਦੇ ਹਨ :-

**ਸਾਰਣੀ 49**

### ਸਮੇਂ ਦੇ ਨਾਲ ਪਟੇਦਾਰੀ ਦੇ ਵਰਤਾਰੇ ਵਿੱਚ ਤਬਦੀਲੀ

| ਸਾਲ | ਪਟੇ ਤੇ ਲਈ ਜੋਤਾਂ % ਵਿੱਚ | ਪਟੇ 'ਤੇ ਲਈ ਜ਼ਮੀਨ ਦਾ ਰਕਬਾ ਕਾਸ਼ਤਕਾਰੀ ਰਕਬੇ ਦੇ ਪ੍ਰਤੀਸ਼ਤ ਵਜੋਂ |
|---|---|---|
| 1950-51 | - | 35.70 |
| 1953-54 | 39.80 | 20.34 |
| 1961-62 | 23.50 | 10.70 |
| 1971-72 | 17.60 | 9.25 |
| 1982 | 17.78 | 7.47 |
| 1992 | - | 8.28 |

**ਸ੍ਰੋਤ —** 1950-51 ਲਈ ਉਮਵੈਟ, 1961-62 ਤੇ 1971-72 ਲਈ ਜ਼ਮੀਨੀ ਜੋਤਾਂ ਬਾਰੇ ਐੱਨ.ਐੱਸ .ਐੱਸ. ਓ. ਦੀਆਂ ਰਿਪੋਰਟਾਂ, 1982 ਲਈ " ਸਰਵੇਕਸ਼ਨ" ਸੈਂਚੀ 11 ਨੰ: 2 ਅੰਕ 33, ਅਕਤੂਬਰ 1987, 1992 ਲਈ ਐੱਨ.ਐੱਸ. ਐੱਸ. ਓ.48ਵਾਂ ਰਾਊਂਡ।

ਸਾਰਣੀ 50

## ਵੱਖ-ਵੱਖ ਰਾਜਾਂ ਵਿੱਚ ਵਾਹੀ ਹੇਠ ਜੋਤਾਂ ਦੇ ਸਾਰੇ ਸਮੂਹਾਂ ਦੁਆਰਾ ਪਟੇ 'ਤੇ ਲਈ ਜ਼ਮੀਨ ਦਾ ਪ੍ਰਤੀਸ਼ਤ

ਵਾਹੀ ਹੇਠ ਕੁੱਲ ਜ਼ਮੀਨ ਦੇ ਪ੍ਰਤੀਸ਼ਤ ਵਜੋਂ ਪਟੇ 'ਤੇ ਲਈ ਜ਼ਮੀਨ

| ਰਾਜ | 1982 | 1992 |
|---|---|---|
| (1) | (2) | (3) |
| ਆਂਧਰਾ ਪ੍ਰਦੇਸ਼ | 6.23 | 9.57 |
| ਅਸਾਮ | 6.35 | 8.87 |
| ਬਿਹਾਰ | 10.27 | 3.91 |
| ਗੁਜਰਾਤ | 1.95 | 3.34 |
| ਹਰਿਆਣਾ | 18.22 | 33.74 |
| ਹਿਮਾਚਲ ਪ੍ਰਦੇਸ਼ | 3.20 | 4.83 |
| ਜੰਮੂ ਕਸ਼ਮੀਰ | 2.37 | 3.73 |
| ਕਰਨਾਟਕ | 6.04 | 7.43 |
| ਕੇਰਲਾ | 2.05 | 2.88 |
| ਮੱਧ ਪ੍ਰਦੇਸ਼ | 3.56 | 6.30 |
| ਮਹਾਂਰਾਸ਼ਟਰ | 5.20 | 5.48 |
| ਉੜੀਸਾ | 9.92 | 9.48 |
| ਪੰਜਾਬ | 16.07 | 18.83 |
| ਰਾਜਸਥਾਨ | 4.31 | 5.19 |
| ਤਾਮਿਲਨਾਡੂ | 10.92 | 10.89 |
| ਉੱਤਰ ਪ੍ਰਦੇਸ਼ | 10..24 | 10.49 |
| ਪੱਛਮੀ ਬੰਗਾਲ | 12.34 | 10.40 |
| ਕੁੱਲ ਭਾਰਤ | 7.18 | 8.28 |

**ਸ੍ਰੋਤ** —ਐੱਨ.ਐੱਸ.ਐੱਸ.ਓ. ,37 ਵਾਂ ਅਤੇ 48ਵਾਂ ਰਾਊਂਡ

ਸਾਰਨੀ 50 ਵੱਖ-ਵੱਖ ਰਾਜਾਂ ਵਿੱਚ ਅਤੇ ਕੁੱਲ ਭਾਰਤ ਵਿੱਚ ਪਟੇਦਾਰੀ ਵਿੱਚ ਕਿਤੇ ਵੱਧ ਅਤੇ ਕਿਤੇ ਮਾਮੂਲੀ ਵਾਧਾ ਦਰਸਾਉਂਦੀ ਹੈ। ਆਂਧਰਾ ਪ੍ਰਦੇਸ਼ (9.57%), ਅਸਾਮ (8.87%), ਹਰਿਆਣਾ (33.74%), ਉੜੀਸਾ(9.48%) ਪੰਜਾਬ (18.83%), ਤਾਮਿਲਨਾਡੂ (10.89%) ਉੱਤਰ ਪ੍ਰਦੇਸ਼ (10.49%) ਪੱਛਮੀ ਬੰਗਾਲ (10.40%) ਆਦਿ ਅਜੇਹੇ ਰਾਜ ਹਨ ਜਿੱਥੇ 1992 ਵਿੱਚ ਪਟੇ ਲਈ ਜ਼ਮੀਨ ਦੇ ਪ੍ਰਤੀਸ਼ਤ ਵਿੱਚ ਵਾਧੇ ਦਾ ਰੁਝਾਨ ਨਜ਼ਰ ਆਉਂਦਾ ਹੈ। ਇਹਨਾਂ ਰਾਜਾਂ ਵਿੱਚ ਬਿਹਾਰ ਇੱਕ ਅਜਿਹਾ ਰਾਜ ਹੈ ਜਿੱਥੇ ਪਟੇਦਾਰੀ 'ਤੇ ਕਾਨੂੰਨੀ ਰੋਕ ਹੈ। ਬੇਸ਼ੱਕ ਅਜੇਹੇ ਕਨੂੰਨ ਕਾਗਜ਼ੀ ਕਾਰਵਾਈਆਂ ਤੱਕ ਹੀ ਸੀਮਤ ਰਹਿੰਦੇ ਹਨ। ਪਰ ਲੋਕ ਡਰਦੇ ਮਾਰੇ ਪਟੇਦਾਰੀ ਦੀ ਰਿਪੋਰਟ ਨਹੀਂ ਦਿੰਦੇ। ਇਸ ਲਈ ਬਿਹਾਰ ਦੇ ਅੰਕੜਿਆਂ ਵਿੱਚ ਗਲਤੀ ਦੀ ਸੰਭਾਵਨਾ ਹੈ, ਪਰ ਬਾਕੀ ਤਿੰਨ ਰਾਜਾਂ ਵਿੱਚ ਅਜੇਹੀ ਕੋਈ ਕਨੂੰਨੀ ਰੋਕ ਨਹੀਂ ਹੈ। 1982 ਤੋਂ 1992 ਦਰਮਿਆਨ ਪਟੇਦਾਰੀ ਦੇ ਵਰਤਾਰੇ ਵਿੱਚ ਹੋਏ ਇਜ਼ਾਫੇ ਦਾ ਇੱਕ ਮਹੱਤਵਪੂਰਨ ਕਾਰਨ ਉਲ਼ਟ ਪਟੇਦਾਰੀ (Reverse Tenancy) ਦੇ ਵਰਤਾਰੇ ਵਿੱਚ ਹੋਇਆ ਵਾਧਾ ਹੈ। ਜਗੀਰੂ ਪਟੇਦਾਰੀ ਤੋਂ ਬਿਲਕੁਲ ਉਲਟ ਇਹ ਸਰਮਾਏਦਾਰਾ ਪਟੇਦਾਰੀ ਹੈ, ਜਿੱਥੇ ਧਨੀ ਕਿਸਾਨ ( ਖੇਤੀ ਬੁਰਜੁਆਜੀ) ਵਿਸਤਾਰਤ ਮੁੜ ਪੈਦਾਵਾਰ ਦੀ ਜ਼ਰੂਰਤ ਪੂਰੀ ਕਰਨ ਲਈ ਗਰੀਬ ਕਿਸਾਨਾਂ ਤੋਂ ਜ਼ਮੀਨ ਠੇਕੇ 'ਤੇ ਲੈਂਦੀ ਹੈ। ਅੱਗੇ ਚੱਲ ਕੇ ਅਸੀਂ ਇਸ ਵਰਤਾਰੇ ਦੀ ਹੋਰ ਚਰਚਾ ਕਰਾਂਗੇ।

**ਸਾਰਣੀ 51**

ਵਾਹੀ ਅਧੀਨ ਜੋਤਾਂ ਦੇ ਵੱਖ-ਵੱਖ ਅਕਾਰਾਂ ਲਈ ਵੱਖ-ਵੱਖ ਸ਼ਰਤਾਂ ਤਹਿਤ ਪਟੇ 'ਤੇ ਜ਼ਮੀਨ ਦੀ ਵੰਡ

*(ਪ੍ਰਤੀਸ਼ਤ )*

| | | 1982 | | | | | 1992 | | | | |
|---|---|---|---|---|---|---|---|---|---|---|---|
| ਰਾਜ | ਅਕਾਰ (ਹੈਕਟੇਅਰ) | ਨਿਸ਼ਚਿਤ ਨਕਦੀ | ਨਿਸ਼ਚਿਤ ਪੈਦਾਵਾਰ | ਪੈਦਾਵਾਰ ਦਾ ਹਿੱਸਾ | ਗਹਿਣੇ | ਹੋਰ ਸ਼ਰਤਾਂ | ਨਿਸ਼ਚਿਤ ਨਕਦੀ | ਨਿਸ਼ਚਿਤ ਪੈਦਾਵਾਰ | ਪੈਦਾਵਾਰ ਦਾ ਹਿੱਸਾ | ਗਹਿਣੇ | ਹੋਰ ਸ਼ਰਤਾਂ |
| (1) | (2) | (3) | (4) | (5) | (6) | (7) | (8) | (9) | (10) | (11) | (12) |
| | 0-1 | 11.36 | 64.20 | 21.53 | 0.00 | 2.91 | 26.34 | 18.76 | 19.32 | 1.3 | 34.28 |
| | 1.01-2.00 | 16.52 | 29.28 | 42.03 | 0.00 | 12.17 | 20.77 | 29.71 | 43.59 | 0 | 5.93 |
| ਆਂਧਰਾ ਪ੍ਰਦੇਸ਼ | 2.01-4.00 | 66.02 | 31.84 | 1.17 | 0.00 | 0.98 | 35.69 | 33.25 | 16.97 | 0 | 14.09 |
| | >4 | 41.22 | 24.66 | 30.76 | 0.00 | 3.37 | 28.04 | 11.43 | 40.2 | 0 | 20.34 |
| | ਸਾਰੇ ਅਕਾਰ | 35.84 | 30.53 | 29.65 | 0.00 | 3.98 | 25.87 | 26.79 | 28.91 | 0.8 | 17.67 |
| | 0-1 | 56.05 | 6.94 | 18.50 | 1.50 | 17.01 | 10.55 | 0 | 15.35 | 0 | 74.11 |
| | 1.01-2.00 | 9.83 | 12.23 | 72.42 | 0.00 | 5.52 | 26.78 | 9.71 | 41.44 | 0 | 22.07 |
| ਅਸਾਮ | 2.01-4.00 | 19.94 | 21.81 | 51.92 | 0.00 | 6.33 | 14.46 | 9.71 | 18.82 | 1.01 | 56.00 |
| | >4 | 40.36 | 0.00 | 57.77 | 1.88 | 0.00 | 44.92 | 0 | 20.88 | 0 | 34.21 |

| ਰਾਜ | ਅਕਾਰ (ਹੈਕਟੇਅਰ) | ਨਿਸ਼ਚਿਤ ਨਕਦੀ | 1982 ਨਿਸ਼ਚਿਤ ਪੈਦਾਵਾਰ | ਪੈਦਾਵਾਰਦਾ ਹਿੱਸਾ | ਗਹਿਣੇ | ਹੋਰ ਸ਼ਰਤਾਂ | ਨਿਸ਼ਚਿਤ ਨਕਦੀ | ਨਿਸ਼ਚਿਤ ਪੈਦਾਵਾਰ | ਪੈਦਾਵਾਰ ਦਾ ਹਿੱਸਾ | 1992 ਗਹਿਣੇ | ਹੋਰ ਸ਼ਰਤਾਂ |
|---|---|---|---|---|---|---|---|---|---|---|---|
| (1) | (2) | (3) | (4) | (5) | (6) | (7) | (8) | (9) | (10) | (11) | (12) |
| | ਸਾਰੇ ਅਕਾਰ | 24.20 | 13.09 | 55.31 | 0.49 | 6.91 | 17.00 | 4.05 | 27.81 | 0.1 | 51.04 |
| | 0-1 | 8.62 | 2.76 | 73.21 | 3.92 | 11.49 | 8.48 | 12.07 | 48.37 | 1.55 | 29.53 |
| | 1.01-2.00 | 24.34 | 14.04 | 51.32 | 5.70 | 4.61 | 11.88 | 18.59 | 26.19 | 0 | 43.34 |
| ਬਿਹਾਰ | 2.01-4.00 | 6.50 | 2.75 | 90.17 | 0.22 | 0.36 | 8.30 | 1.63 | 30.36 | 0 | 59.71 |
| | >4 | 2.68 | 14.03 | 83.29 | 0.00 | 0.00 | 11.08 | 0 | 38.82 | 0 | 50.10 |
| | ਸਾਰੇ ਅਕਾਰ | 7.14 | 3.94 | 84.12 | 2.24 | 2.56 | 9.54 | 12.81 | 43.51 | 0.9 | 33.24 |
| | 0-1 | 0.00 | 0.00 | 32.70 | 0.00 | 67.30 | 65.78 | 0 | 12.79 | 1.62 | 19.82 |
| | 1.01-2.00 | 50.00 | 0.00 | 0.00 | 50.00 | 0.00 | 42.98 | 0 | 39.10 | 0 | 17.92 |
| ਗੁਜਰਾਤ | 2.01-4.00 | 100.00 | 0.00 | 0.00 | 0.00 | 0.00 | 27.92 | 5.29 | 22.78 | 0 | 44.01 |
| | >4 | 4.16 | 0.61 | 11.95 | 75.41 | 7.88 | 50.34 | 0 | 27.31 | 0 | 22.35 |
| | ਸਾਰੇ ਅਕਾਰ | 15.15 | 1.52 | 33.33 | 40.91 | 9.09 | 39.91 | 1.65 | 23.74 | 0. 46 | 34.24 |
| | 0-1 | 39.02 | 51.90 | 9.08 | 0.00 | 0.00 | 36.93 | 33.33 | 13.17 | 0 | 16.57 |
| | 1.01-2.00 | 35.09 | 0.00 | 64.91 | 0.00 | 0.00 | 70.83 | 23.27 | 5.90 | 0 | 0 |
| ਹਰਿਆਣਾ | 2.01-4.00 | 36.93 | 16.09 | 30.00 | 0.42 | 16.57 | 69.63 | 0 | 30.37 | 0 | 0 |
| | <4 | 28.84 | 9.59 | 59.91 | 0.40 | 2.27 | 56.64 | 4.03 | 15.64 | 0 | 23.70 |
| | ਸਾਰੇ ਅਕਾਰ | 27.85 | 12.47 | 53.61 | 0.44 | 5.63 | 61.44 | 5.19 | 19.86 | 0 | 13.51 |
| | 0-1 | 8.53 | 22.25 | 9.97 | 0.00 | 59.25 | 10.15 | 8.25 | 8.17 | 0 | 73.42 |
| | 1.01-2.00 | 27.60 | 0.00 | 72.40 | 0.00 | 0.00 | 26.91 | 9.86 | 12.53 | 0 | 50.70 |
| ਹਿਮਾਚਲ ਪ੍ਰਦੇਸ਼ | 2.01-4.00 | 0.00 | 0.00 | 8.98 | 43.27 | 47.76 | 9.19 | 0 | 28.00 | 7.44 | 55.37 |
| | >4 | 0.00 | 0.00 | 79.98 | 3.94 | 16.09 | 0 | 0 | 0 | 0 | 0 |
| | ਸਾਰੇ ਅਕਾਰ | 10.00 | 21.67 | 45.42 | 9.58 | 13.33 | 13.64 | 8.98 | 10.87 | 0.43 | 66.08 |
| | 0-1 | 4.92 | 41.53 | 53.55 | 0.00 | 0.00 | 6.26 | 8.25 | 0 | 17.31 | 68.19 |
| | 1.01-2.00 | 4.63 | 1.85 | 87.96 | 0.00 | 5.56 | 16.43 | 49.45 | 9.91 | 0 | 24.21 |
| ਜੰਮੂ ਕਸ਼ਮੀਰ | 2.01-4.00 | 0.00 | 17.85 | 73.16 | 0.00 | 9.00 | 0 | 34.20 | 40.69 | 0 | 25.11 |
| | >4 | 0.00 | 0.00 | 100.00 | 0.00 | 0.00 | 0 | 0 | 0 | 0 | 100.00 |
| | ਸਾਰੇ ਅਕਾਰ | 2.49 | 14.43 | 78.61 | 0.00 | 4.48 | 9.37 | 30.21 | 11.81 | 6.17 | 42.44 |
| | 0-1 | 21.51 | 5.19 | 63.65 | 0.00 | 9.64 | 28.93 | 5.43 | 20.28 | 0 | 45.36 |
| | 1.01-2.00 | 18.99 | 36.05 | 43.80 | 0.00 | 1.16 | 5.01 | 36.46 | 38.69 | 0 | 19.84 |
| ਕਰਨਾਟਕ | 2.01-4.00 | 0.00 | 15.27 | 79.27 | 4.73 | 0.73 | 37.78 | 4.30 | 16.29 | 0 | 41.63 |
| | >4 | 12.35 | 5.09 | 81.88 | 0.68 | 0.00 | 12.92 | 11.38 | 29.51 | 0 | 46.20 |
| | ਸਾਰੇ ਅਕਾਰ | 8.46 | 10.38 | 78.85 | 1.54 | 0.77 | 20.45 | 14.65 | 28.61 | 0 | 36.29 |
| | 0-1 | 0.00 | 0.00 | 0.00 | 11.92 | 88.08 | 20.74 | 0 | 0.38 | 0 | 78.87 |
| | 1.01-2.00 | 100.00 | 0.00 | 0.00 | 0.00 | 0.00 | 8.99 | 0 | 11.59 | 0 | 79.42 |
| ਕੇਰਲਾ | 2.01-4.00 | 0.00 | 0.00 | 0.00 | 0.00 | 100.00 | 2.42 | 0 | 0 | 0 | 97.58 |
| | >4 | 8.85 | 0.00 | 82.12 | 0.00 | 9.03 | 12.31 | 0 | 20.33 | 0 | 67.37 |
| | ਸਾਰੇ ਅਕਾਰ | 12.37 | 0.00 | 0.00 | 9.09 | 78.18 | 15.95 | 0 | 2.13 | 0 | 81.92 |
| | 0-1 | 29.10 | 1.26 | 7.75 | 0.00 | 61.89 | 15.9 | 15.90 | 14.03 | 7.43 | 46.74 |
| | 1.01-2.00 | 36.67 | 0.00 | 63.33 | 0.00 | 0.00 | 8.46 | 24.81 | 34.20 | 2.41 | 30.12 |
| ਮੱਧ ਪ੍ਰਦੇਸ਼ | 2.01-4.00 | 0.00 | 14.74 | 67.89 | 9.47 | 7.89 | 18.18 | 18.53 | 21.82 | 1.20 | 40.27 |
| | >4 | 2.42 | 0.00 | 92.18 | 0.00 | 5.41 | 20.77 | 20.45 | 19.89 | 0 | 38.90 |
| | ਸਾਰੇ ਅਕਾਰ | 5.04 | 3.36 | 84.03 | 1.68 | 5.88 | 15.26 | 21.44 | 24.85 | 2.54 | 35.91 |
| | 0-1 | 48.92 | 1.72 | 25.24 | 23.08 | 1.03 | 48.71 | 8.30 | 9.14 | 0 | 33.86 |
| | 1.01-2.00 | 21.43 | 4.08 | 74.49 | 0.00 | 0.00 | 33.17 | 1.59 | 23.48 | 0 | 41.76 |
| ਮਹਾਂਰਾਸ਼ਟਰ | 2.01-4.00 | 6.10 | 8.22 | 84.51 | 0.00 | 1.17 | 41.71 | 17.48 | 24.88 | 0 | 15.93 |
| | >4 | 14.56 | 3.15 | 77.20 | 2.85 | 2.25 | 15.17 | 3.23 | 36.74 | 0 | 44.87 |
| | ਸਾਰੇ ਅਕਾਰ | 16.06 | 3.38 | 75.49 | 2.25 | 2.82 | 36.17 | 6.52 | 20.91 | 0 | 36.40 |

| ਰਾਜ | ਅਕਾਰ (ਹੈਕਟੇਅਰ) | 1982 ਨਿਸ਼ਚਿਤ ਨਕਦੀ | ਨਿਸ਼ਚਿਤ ਪੈਦਾਵਾਰ | ਪੈਦਾਵਾਰ ਦਾ ਹਿੱਸਾ | ਗਹਿਣੇ | ਹੋਰ ਸ਼ਰਤਾਂ | 1992 ਨਿਸ਼ਚਿਤ ਨਕਦੀ | ਨਿਸ਼ਚਿਤ ਪੈਦਾਵਾਰ | ਪੈਦਾਵਾਰ ਦਾ ਹਿੱਸਾ | ਗਹਿਣੇ | ਹੋਰ ਸ਼ਰਤਾਂ |
|---|---|---|---|---|---|---|---|---|---|---|---|
| (1) | (2) | (3) | (4) | (5) | (6) | (7) | (8) | (9) | (10) | (11) | (12) |
| | 0-1 | 11.27 | 31.08 | 48.85 | 7.34 | 1.46 | 25.43 | 2.72 | 53.23 | 0 | 18.62 |
| | 1.01-2.00 | 7.31 | 4.08 | 85.73 | 0.00 | 2.88 | 19.56 | 5.43 | 47.60 | 0 | 27.41 |
| ਉੜੀਸਾ | 2.01-4.00 | 8.01 | 20.03 | 59.77 | 11.85 | 0.33 | 9.10 | 7.82 | 50.21 | 1.82 | 31.05 |
| | >4 | 14.42 | 3.60 | 72.66 | 0.00 | 9.32 | 4.76 | 0 | 14.74 | 0 | 80.51 |
| | ਸਾਰੇ ਅਕਾਰ | 8.20 | 12.86 | 70.74 | 2.41 | 5.79 | 19.66 | 4.68 | 50.88 | 0.22 | 24.56 |
| | 0-1 | 59.12 | 0.00 | 22.85 | 0.00 | 18.30 | 31.91 | 27.22 | 12.93 | 0 | 27.94 |
| | 1.01-2.00 | 29.97 | 0.28 | 69.52 | 0.00 | 0.22 | 40.61 | 10.46 | 10.36 | 0 | 38.57 |
| ਪੰਜਾਬ | 2.01-4.00 | 34.12 | 9.06 | 56.27 | 0.00 | 0.55 | 49.54 | 17.12 | 12.50 | 0 | 20.84 |
| | >4 | 49.16 | 3.29 | 39.37 | 3.36 | 4.82 | 67.44 | 7.02 | 11.50 | 0 | 14.05 |
| | ਸਾਰੇ ਅਕਾਰ | 43.62 | 4.77 | 45.36 | 2.13 | 4.12 | 49.17 | 18.24 | 11.31 | 0 | 21.28 |
| | 0-1 | 5.91 | 30.38 | 31.22 | 0.00 | 32.49 | 21.87 | 6.09 | 7.27 | 0 | 64.77 |
| | 1.01-2.00 | 18.42 | 0.00 | 81.58 | 0.00 | 0.00 | 14.82 | 3.88 | 31.15 | 0 | 50.15 |
| ਰਾਜਸਥਾਨ | 2.01-4.00 | 4.92 | 0.88 | 40.71 | 1.28 | 52.21 | 10.87 | 17.93 | 38.84 | 0 | 32.36 |
| | >4 | 3.82 | 1.12 | 25.35 | 65.15 | 4.56 | 18.22 | 40.29 | 19.12 | 0.53 | 21.85 |
| | ਸਾਰੇ ਅਕਾਰ | 5.95 | 2.38 | 42.86 | 26.59 | 22.22 | 15.2 | 19.42 | 23.39 | 0.27 | 41.72 |
| | 0-1 | 23.47 | 27.56 | 36.25 | 5.08 | 7.65 | 32.18 | 20.33 | 20.56 | 6.32 | 20.62 |
| | 1.01-2.00 | 13.01 | 20.42 | 52.02 | 3.56 | 10.98 | 21.84 | 33.35 | 12.39 | 5.48 | 26.94 |
| ਤਾਮਿਲਨਾਡੂ | 2.01-4.00 | 25.82 | 18.99 | 48.47 | 1.17 | 5.55 | 36.05 | 16.67 | 26.05 | 0 | 21.23 |
| | >4 | 35.23 | 15.17 | 23.39 | 1.11 | 25.10 | 35.52 | 5.34 | 15.90 | 0.82 | 42.43 |
| | ਸਾਰੇ ਅਕਾਰ | 22.21 | 22.84 | 43.05 | 2.84 | 9.05 | 32.44 | 20.48 | 16.12 | 4.59 | 26.37 |
| | 0-1 | 23.23 | 14.19 | 51.94 | 0.98 | 9.67 | 14.95 | 11.04 | 41.82 | 0.08 | 32.11 |
| | 1.01-2.00 | 7.16 | 3.93 | 78.73 | 0.20 | 9.98 | 6.64 | 20.86 | 51.09 | 0.61 | 20.80 |
| ਉੱਤਰ ਪ੍ਰਦੇਸ਼ | 2.01-4.00 | 16.04 | 3.37 | 73.05 | 0.94 | 6.60 | 8.31 | 13.23 | 43.83 | 0 | 34.63 |
| | >4 | 8.17 | 10.13 | 70.02 | 0.36 | 11.32 | 1.92 | 13.74 | 36.94 | 0 | 47.40 |
| | ਸਾਰੇ ਅਕਾਰ | 5.29 | 3.00 | 32.99 | 54.39 | 4.33 | 9.24 | 15.20 | 46.45 | 0.27 | 28.84 |
| | 0-1 | 0.16 | 10.01 | 53.28 | 0.00 | 36.55 | 6.60 | 13.18 | 44.80 | 1.65 | 33.76 |
| | 1.01-2.00 | 10.21 | 1.15 | 85.31 | 0.19 | 3.15 | 13.35 | 8.55 | 55.91 | 0.25 | 21.94 |
| ਪੱਛਮੀ ਬੰਗਾਲ | 2.01-4.00 | 0.56 | 27.36 | 64.80 | 0.00 | 7.28 | 11.64 | 4.25 | 45.12 | 3.71 | 35.28 |
| | >4 | 0.92 | 22.17 | 26.64 | 0.00 | 50.26 | 44.08 | 0 | 55.92 | 0 | 0 |
| | ਸਾਰੇ ਅਕਾਰ | 3.45 | 14.48 | 67.78 | 0.59 | 13.69 | 8.64 | 11.66 | 46.47 | 1.53 | 31.70 |
| | 0.1 | 15.20 | 13.77 | 50.98 | 2.44 | 17.61 | 18.17 | 12.36 | 33.19 | 1.40 | 34.88 |
| | 1.01-2.00 | 11.01 | 6.99 | 76.49 | 0.00 | 5.51 | 15.11 | 19.09 | 40.92 | 0.81 | 24.07 |
| ਕੁੱਲ ਭਾਰਤ | 2.01-4.00 | 16.62 | 11.34 | 59.90 | 1.39 | 10.75 | 24.18 | 14.76 | 30.15 | 0.46 | 30.45 |
| | >4 | 19.33 | 8.20 | 57.13 | 10.12 | 5.23 | 30.94 | 11.69 | 23.10 | 0.09 | 34.19 |
| | ਸਾਰੇ ਅਕਾਰ | 15.73 | 9.07 | 64.52 | 3.23 | 7.46 | 18.97 | 14.51 | 34.39 | 0.98 | 31.15 |

**ਸ੍ਰੋਤ—** ਐੱਨ. ਐੱਸ.ਐੱਸ.ਓ 37 ਵਾਂ ਅਤੇ 48 ਵਾਂ ਰਾਊਂਡ

**ਸਾਰਣੀ** 51 ਵਿੱਚ ਵੱਖ-ਵੱਖ ਅਕਾਰ ਦੀਆਂ ਵਾਹੀ ਅਧੀਨ ਜੋਤਾਂ ਦੁਆਰਾ ਪਟੇ ਦੀਆਂ ਵੱਖ-ਵੱਖ ਸ਼ਰਤਾਂ ਤਹਿਤ ਪਟੇ 'ਤੇ ਲਈ ਜ਼ਮੀਨ ਦਾ ਵੇਰਵਾ ਦਿੱਤਾ ਗਿਆ ਹੈ। ਇਸ ਤੋਂ ਦੇਖਿਆ ਜਾ ਸਕਦਾ ਹੈ 1992 'ਚ ਤਾਮਿਲਨਾਡੂ, ਬਿਹਾਰ, ਕਰਨਾਟਕ, ਮੱਧ ਪ੍ਰਦੇਸ਼, ਉੜੀਸਾ, ਰਾਜਸਥਾਨ, ਉੱਤਰ ਪ੍ਰਦੇਸ਼ ਅਤੇ ਪੱਛਮੀ ਬੰਗਾਲ ਅਜੇਹੇ ਰਾਜ ਹਨ ਜਿੱਥੇ ਹਿੱਸੇ 'ਤੇ ਖੇਤੀ (Share Produce) ਪਟੇਦਾਰੀ ਦੀ ਮੁੱਖ ਸ਼ਰਤ ਹੈ। ਦੂਜੇ ਪਾਸੇ ਪੰਜਾਬ, ਹਰਿਆਣਾ, ਤਾਮਿਲਨਾਡੂ, ਮਹਾਂਰਾਸ਼ਟਰ, ਗੁਜਰਾਤ ਆਦਿ ਅਜੇਹੇ ਰਾਜ ਹਨ ਜਿੱਥੇ ਨਿਸ਼ਚਿਤ ਨਕਦੀ (Fixed cash) ਪਟੇ 'ਤੇ ਜਮੀਨ ਲੈਣ ਦੀ ਮੁੱਖ ਸ਼ਰਤ ਹੈ। ਹੋਰ ਰਾਜਾਂ ਵਿੱਚ ਨਿਸ਼ਚਿਤ ਨਕਦੀ ਅਤੇ ਨਿਸ਼ਚਿਤ ਪੈਦਾਵਾਰ (Fixed Produce)

ਦੋਵੇਂ ਪਟੇਦਾਰੀ ਦੀਆਂ ਮੁੱਖ ਸ਼ਰਤਾਂ ਹਨ। ਪੂਰੇ ਦੇਸ਼ ਦੇ ਪੱਧਰ 'ਤੇ ਦੇਖਿਆ ਜਾਵੇ ਤਾਂ ਪੈਦਾਵਾਰ ਚੋਂ ਹਿੱਸਾ (Share Produce) ਪਟੇਦਾਰੀ ਦੀ ਮੁੱਖ ਸ਼ਰਤ ਹੈ। ਪਰ ਇੱਕ ਦਹਾਕੇ (1982-92) ਵਿੱਚ ਵਾਹੀ ਅਧੀਨ ਜੋਤਾਂ ਦੀਆਂ ਸਾਰੀਆਂ ਵੰਨਗੀਆਂ ਸਬੰਧੀ ਇਸ ਵਿੱਚ ਕਮੀ ਦੇਖੀ ਜਾ ਸਕਦੀ ਹੈ। ਵੱਖ-ਵੱਖ ਰਾਜਾਂ 'ਤੇ ਨਿਗਾਹ ਮਾਰੀਏ ਤਾਂ ਅਸਾਮ, ਬਿਹਾਰ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ, ਕਰਨਾਟਕ, ਮੱਧ ਪ੍ਰਦੇਸ਼, ਮਹਾਂਰਾਸ਼ਟਰ, ਉੜੀਸਾ, ਪੰਜਾਬ, ਰਾਜਸਥਾਨ, ਤਾਮਿਲਨਾਡੂ, ਆਦਿ ਅਜੇਹੇ ਰਾਜ ਹਨ ਜਿੱਥੇ ਹਿੱਸੇ 'ਤੇ ਖੇਤੀ ਦੇ ਰੁਝਾਨ ਵਿੱਚ ਮਹੱਤਵਪੂਰਨ ਕਮੀ ਦੇਖੀ ਜਾ ਸਕਦੀ ਹੈ। ਉੱਤਰ ਪ੍ਰਦੇਸ਼ ਵਿੱਚ ਹਿੱਸੇ 'ਤੇ ਖੇਤੀ ਦੇ ਰੁਝਾਨ ਵਿੱਚ ਕਮੀ ਆਈ ਹੈ ਪਰ ਬਾਕੀ ਉਪਰੋਕਤ ਰਾਜਾਂ ਦੇ ਮੁਕਾਬਲੇ ਘੱਟ ਹੈ। ਜਦੋਂ ਕਿ ਗੁਜਰਾਤ (ਇੱਕ ਹੈਕਟੇਅਰ ਤੱਕ ਦੀਆਂ ਜੋਤਾਂ ਨੂੰ ਛੱਡ ਕੇ) ਕੇਰਲਾ, ਅਤੇ ਪੱਛਮੀ ਬੰਗਾਲ ਅਜੇਹੇ ਰਾਜ ਹਨ ਜਿੱਥੇ ਜੋਤਾਂ ਦੀਆਂ ਕੁੱਝ ਵੰਨਗੀਆਂ ਵਿੱਚ ਹਿੱਸੇ 'ਤੇ ਖੇਤੀ ਦੇ ਰੁਝਾਨ ਵਿੱਚ ਕਮੀ ਹੋਈ ਹੈ ਅਤੇ ਕੁੱਝ ਦਾ ਮਾਮਲੇ ਵਿੱਚ ਇਹ ਰੁਝਾਨ ਵਧਿਆ ਹੈ।।

ਬਿਹਾਰ, ਗੁਜਰਾਤ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ, ਕਰਨਾਟਕ, ਕੇਰਲਾ, ਮੱਧ ਪ੍ਰਦੇਸ਼, ਮਹਾਂਰਾਸ਼ਟਰ, ਉੜੀਸਾ, ਪੰਜਾਬ, ਰਾਜਸਥਾਨ, ਤਾਮਿਲਨਾਡੂ, ਉੱਤਰ ਪ੍ਰਦੇਸ਼, ਪੱਛਮੀ ਬੰਗਾਲ ਆਦਿ ਅਜੇਹੇ ਰਾਜ ਹਨ ਜਿੱਥੇ 1982 ਤੋਂ 1992 ਦਰਮਿਆਨ ਨਿਸ਼ਚਿਤ ਨਗਦੀ 'ਤੇ ਜ਼ਮੀਨ ਠੇਕੇ / ਪਟੇ 'ਤੇ ਲੈਣ ਦੇ ਰੁਝਾਨ ਵਿੱਚ ਗਿਣਨਯੋਗ ਵਾਧਾ ਹੋਇਆ ਹੈ। ਦੂਜੇ ਪਾਸੇ ਆਂਧਰਾ ਪ੍ਰਦੇਸ਼ ਅਤੇ ਅਸਾਮ ਦੋ ਅਜੇਹੇ ਰਾਜ ਹਨ ਜਿੱਥੇ ਨਿਸ਼ਚਿਤ ਨਕਦੀ ਦੀ ਸ਼ਰਤ 'ਤੇ ਪਟੇਦਾਰੀ ਦੇ ਰੁਝਾਨ ਵਿੱਚ ਕਮੀ ਆਈ ਹੈ। ਜਦਕਿ ਆਂਧਰਾ ਪ੍ਰਦੇਸ਼ ਵਿੱਚ ਇੱਕ ਹੈਕਟੇਅਰ ਤੱਕ ਅਤੇ ਇੱਕ ਤੋਂ ਦੋ ਹੈਕਟੇਅਰ ਤੱਕ ਦੀਆਂ ਜੋਤਾਂ ਲਈ ਨਿਸ਼ਚਿਤ ਨਕਦੀ ਦੀ ਸ਼ਰਤ 'ਤੇ ਜ਼ਮੀਨ ਠੇਕੇ 'ਤੇ ਲੈਣ ਦੇ ਰੁਝਾਨ ਵਿੱਚ ਵਾਧਾ ਹੋਇਆ ਹੈ, ਜਦੋਂ ਕਿ ਬਾਕੀ ਵੰਨਗੀਆਂ ਦੇ ਮਾਮਲੇ ਵਿੱਚ ਕਮੀ ਦਾ ਰੁਝਾਨ ਦੇਖਿਆ ਜਾ ਸਕਦਾ ਹੈ। ਅਸਾਮ ਦੇ ਮਾਮਲੇ ਵਿੱਚ ਇੱਕ ਹੈਕਟੇਅਰ ਤੱਕ ਅਤੇ ਦੋ ਤੋਂ ਚਾਰ ਹੈਕਟੇਅਰ ਦੇ ਜੋਤ ਸਮੂਹ ਲਈ ਉਪਰੋਕਤ ਰੁਝਾਨ ਵਿੱਚ ਕਮੀ ਆਈ ਹੈ, ਜਦੋਂ ਕਿ ਬਾਕੀ ਸਮੂਹਾਂ ਦੇ ਮਾਮਲੇ ਵਿੱਚ ਵਾਧੇ ਦਾ ਰੁਝਾਨ ਦੇਖਿਆ ਜਾ ਸਕਦਾ ਹੈ। ਕੁੱਲ ਭਾਰਤ ਦੇ ਪੱਧਰ 'ਤੇ ਵੀ ਉਪਰੋਕਤ ਰੁਝਾਨ ਵਿੱਚ ਵਾਧਾ ਵੇਖਿਆ ਜਾ ਸਕਦਾ ਹੈ।

ਆਂਧਰਾ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ, ਉੜੀਸਾ, ਉੱਤਰ ਪ੍ਰਦੇਸ਼, ਆਦਿ ਅਜੇਹੇ ਰਾਜ ਹਨ ਜਿੱਥੇ 4 ਹੈਕਟੇਅਰ ਤੋਂ ਵੱਡੀਆਂ ਜੋਤਾਂ ਦੇ ਮਾਮਲੇ ਵਿੱਚ ਨਿਸ਼ਚਿਤ ਨਕਦੀ ਦੇ ਅਧਾਰ 'ਤੇ ਜ਼ਮੀਨ ਪਟੇ 'ਤੇ ਲੈਣ ਦੇ ਰੁਝਾਨ ਵਿੱਚ ਕਮੀ ਆਈ ਹੈ, ਬਾਕੀ ਰਾਜਾਂ ਵਿੱਚ 4 ਹੈਕਟੇਅਰ ਤੋਂ ਵੱਡੀਆਂ ਜੋਤਾਂ ਦੇ ਮਾਮਲੇ ਵਿੱਚ ਉਪਰੋਕਤ ਰੁਝਾਨ ਵਿੱਚ ਵਾਧਾ ਵੇਖਿਆ ਜਾ ਸਕਦਾ ਹੈ। ਅਸਾਮ, ਗੁਜਰਾਤ, ਹਰਿਆਣਾ, ਪੰਜਾਬ, ਤਾਮਿਲਨਾਡੂ, ਪੱਛਮੀ ਬੰਗਾਲ ਆਦਿ ਅਜੇਹੇ ਰਾਜ ਹਨ ਜਿੱਥੇ ਨਿਸ਼ਚਿਤ ਨਕਦੀ ਦੀ ਸ਼ਰਤ 'ਤੇ ਜ਼ਮੀਨ ਠੇਕੇ 'ਤੇ ਲੈਣ ਦੀ ਦਰ ਕਾਫੀ ਉੱਚੀ ਹੈ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਦਰਮਿਆਨੇ ਅਤੇ ਧਨੀ ਕਿਸਾਨ ਤੇਜ਼ੀ ਨਾਲ ਪਟੇਦਾਰੀ ਮੰਡੀ ਵਿੱਚ ਉੱਤਰ ਰਹੇ ਹਨ ਅਤੇ ਵੱਧ ਤੋਂ ਵੱਧ ਜ਼ਮੀਨ ਪਟੇ 'ਤੇ ਲੈ ਰਹੇ ਹਨ।

**ਸਾਰਣੀ 52**

## ਪੇਂਡੂ ਭਾਰਤ ਵਿੱਚ ਪਟੇਦਾਰੀ ਦੀਆਂ ਸ਼ਰਤਾਂ ਅਨੁਸਾਰ ਪਟੇ 'ਤੇ ਲਏ ਰਕਬੇ ਅਤੇ ਜੋਤਾਂ ਦੀ ਵਿੱਚ ਤਬਦੀਲੀ

(1971-72 ਤੋਂ 1991-92 -ਮੁੱਖ ਰਾਜ)

| ਰਾਜ | ਸਾਲ | ਜੋਤਾਂ | | | | ਰਕਬਾ | | | |
|---|---|---|---|---|---|---|---|---|---|
| | | ਨਿਸ਼ਚਿਤ ਨਕਦੀ | ਨਿਸ਼ਚਿਤ ਪੈਦਾਵਾਰ | ਹਿੱਸੇ 'ਤੇ ਪਟੇਦਾਰੀ | ਹੋਰ ਸ਼ਰਤਾਂ | ਨਿਸ਼ਚਿਤ ਨਕਦੀ | ਨਿਸ਼ਚਿਤ ਪੈਦਾਵਾਰ | ਹਿੱਸੇ 'ਤੇ ਪਟੇਦਾਰੀ | ਹੋਰ ਸ਼ਰਤਾਂ |
| (1) | (2) | (3) | (4) | (5) | (6) | (7) | (8) | (9) | (10) |
| ਆਂਧਰਾ ਪ੍ਰਦੇਸ਼ | 1971-72 | 18.11 | 14.98 | 34.38 | 32.54 | 28.29 | 14.20 | 35.20 | 22.31 |
| | 1981-82 | 13.00 | 11.07 | 8.83 | 67.10 | 13.00 | 11.10 | 8.80 | 67.10 |
| | 1991-92 | 26.70 | 27.65 | 29.81 | 15.84 | 25.90 | 26.80 | 28.90 | 18.40 |
| ਅਸਾਮ | 1971-72 | 20.09 | 9.83 | 34.09 | 35.99 | 17.05 | 15.60 | 41.83 | 25.52 |
| | 1981-82 | 15.43 | 8.35 | 35.35 | 40.87 | 15.40 | 8.40 | 35.30 | 40.90 |
| | 1991-92 | 19.40 | 4.57 | 31.17 | 44.86 | 17.00 | 4.00 | 27.80 | 51.20 |
| ਬਿਹਾਰ | 1971-72 | 2.98 | 4.72 | 68.00 | 24.30 | 1.24 | 0.50 | 9.70 | 84.60 |
| | 1991-92 | 44.46 | 1.79 | 26.52 | 27.23 | 39.90 | 1.60 | 23.70 | 34.80 |
| ਹਰਿਆਣਾ | 1971-72 | 14.81 | 8.51 | 46.93 | 29.57 | 12.42 | 8.51 | 53.97 | 25.10 |

| ਰਾਜ | ਸਾਲ | ਜੋਤਾਂ | | | | ਰਕਬਾ | | | |
|---|---|---|---|---|---|---|---|---|---|
| | | ਨਿਸ਼ਚਿਤ ਨਕਦੀ | ਨਿਸ਼ਚਿਤ ਪੈਦਾਵਾਰ | ਹਿੱਸੇ 'ਤੇ ਪਟੇਦਾਰੀ | ਹੋਰ ਸ਼ਰਤਾਂ | ਨਿਸ਼ਚਿਤ ਨਕਦੀ | ਨਿਸ਼ਚਿਤ ਪੈਦਾਵਾਰ | ਹਿੱਸੇ 'ਤੇ ਪਟੇਦਾਰੀ | ਹੋਰ ਸ਼ਰਤਾਂ |
| (1) | (2) | (3) | (4) | (5) | (6) | (7) | (8) | (9) | (10) |
| | 1981-82 | 24.10 | 10.76 | 41.13 | 24.01 | 24.20 | 10.80 | 41.20 | 23.80 |
| | 1991-92 | 67.26 | 5.70 | 21.17 | 5.33 | 61.40 | 5.20 | 19.90 | 13.50 |
| ਹਿਮਾਚਲ ਪ੍ਰਦੇਸ਼ | 1971-72 | - | - | - | - | - | - | - | - |
| | 1981-82 | 7.43 | 16.21 | 33.11 | 43.25 | 7.28 | 16.50 | 33.01 | 43.21 |
| | 1991-92 | 14.99 | 9.91 | 11.94 | 63.16 | 13.64 | 8.98 | 10.87 | 66.51 |
| ਜੰਮੂ ਕਸ਼ਮੀਰ | 1971-72 | 2.77 | 12.40 | 75.59 | 9.24 | 0.78 | 0.59 | 87.08 | 11.55 |
| | 1981-82 | 2.31 | 12.14 | 66.47 | 19.08 | 2.17 | 11.96 | 66.85 | 19.02 |
| | 1991-92 | 9.75 | 31.05 | 12.27 | 46.93 | 9.37 | 30.21 | 11.81 | 48.61 |
| ਕਰਨਾਟਕ | 1971-72 | 25.72 | 25.18 | 30.27 | 22.83 | 30.82 | 18.87 | 39.06 | 11.25 |
| | 1981-82 | 3.61 | 4.46 | 29.98 | 62.65 | 3.60 | 4.70 | 29.30 | 62.40 |
| | 1991-92 | 23.15 | 16.58 | 32.42 | 27.85 | 20.40 | 14.70 | 28.60 | 36.30 |
| ਕੇਰਲਾ | 1971-72 | 13.51 | 23.24 | 6.27 | 56.98 | 13.03 | 39.82 | 7.33 | 39.82 |
| | 1981-82 | 3.37 | - | 13.19 | 83.44 | 3.40 | - | 13.20 | 84.90 |
| | 1991-92 | 19.02 | - | 2.48 | 78.50 | 15.90 | - | 2.10 | 82.00 |
| ਮੱਧ ਪ੍ਰਦੇਸ਼ | 1971-72 | 11.82 | 7.29 | 24.76 | 56.13 | 15.02 | 8.57 | 28.95 | 47.46 |
| | 1981-82 | 1.71 | 1.10 | 27.78 | 69.41 | 1.70 | 1.10 | 27.80 | 69.40 |
| | 1991-92 | 17.21 | 24.17 | 28.05 | 30.57 | 15.30 | 21.40 | 24.90 | 38.40 |
| ਮਹਾਂਰਾਸ਼ਟਰ | 1971-72 | 24.22 | 13.88 | 31.42 | 30.48 | 28.74 | 16.46 | 37.26 | 17.54 |
| | 1981-82 | 10.94 | 2.31 | 48.56 | 38.19 | 11.00 | 2.30 | 48.50 | 38.20 |
| | 1991-92 | 39.59 | 7.07 | 22.94 | 30.40 | 36.20 | 6.50 | 20.90 | 36.40 |
| ਉੜੀਸਾ | 1971-72 | 18.63 | 17.30 | 61.15 | 2.92 | 7.50 | 13.44 | 42.20 | 36.86 |
| | 1981-82 | 5.15 | 8.06 | 41.96 | 44.83 | 5.10 | 8.10 | 42.00 | 44.80 |
| | 1991-92 | 20.58 | 5.83 | 53.29 | 20.30 | 19.70 | 4.70 | 50.90 | 24.70 |
| ਪੰਜਾਬ | 1971-72 | 26.93 | 11.71 | 43.00 | 18.36 | 29.23 | 12.71 | 46.66 | 11.40 |
| | 1981-82 | 42.13 | 4.60 | 39.87 | 13.40 | 42.10 | 4.60 | 39.90 | 13.40 |
| | 1991-92 | 52.56 | 19.50 | 12.07 | 15.87 | 49.20 | 18.20 | 11.30 | 21.30 |
| ਰਾਜਸਥਾਨ | 1971-72 | 7.62 | 11.52 | 23.03 | 57.83 | 7.84 | 11.87 | 23.74 | 56.55 |
| | 1981-82 | 3.46 | 1.40 | 21.51 | 73.63 | 3.50 | 1.40 | 21.60 | 73.50 |
| | 1991-92 | 15.78 | 20.18 | 24.31 | 39.73 | 15.20 | 19.40 | 23.40 | 42.00 |
| ਤਾਮਿਲਨਾਡੂ | 1971-72 | 14.30 | 20.74 | 37.97 | 26.99 | 15.16 | 28.69 | 42.31 | 13.84 |
| | 1981-82 | 19.30 | 19.86 | 36.50 | 24.34 | 19.20 | 19.90 | 36.50 | 24.40 |
| | 1991-92 | 33.52 | 21.13 | 16.67 | 28.68 | 32.40 | 20.50 | 16.10 | 31.00 |
| ਉੱਤਰ ਪ੍ਰਦੇਸ਼ | 1971-72 | 8.21 | 4.78 | 49.87 | 37.14 | 6.68 | 5.84 | 55.11 | 32.37 |
| | 1981-82 | 8.60 | 4.88 | 50.10 | 36.42 | 8.60 | 4.90 | 50.10 | 36.40 |
| | 1991-92 | 9.86 | 16.21 | 49.48 | 24.45 | 9.20 | 15.20 | 46.50 | 29.10 |
| ਪੱਛਮੀ ਬੰਗਾਲ | 1971-72 | 1.78 | 1.91 | 12.60 | 13.71 | 0.85 | 2.57 | 92.58 | 4.00 |
| | 1981-82 | 2.84 | 11.92 | 55.55 | 29.69 | 2.80 | 11.90 | 55.60 | 29.70 |
| | 1991-92 | 9.61 | 13.02 | 51.77 | 25.60 | 8.60 | 11.70 | 46.50 | 33.20 |
| ਕੁੱਲ ਭਾਰਤ | 1971-72 | 11.61 | 9.62 | 46.31 | 32.47 | 15.42 | 11.64 | 47.87 | 25.07 |
| | 1981-82 | 10.88 | 6.28 | 41.84 | 41.00 | 10.90 | 6.30 | 41.90 | 40.90 |
| | 1991-92 | 20.32 | 15.62 | 36.89 | 27.17 | 19.00 | 14.50 | 34.40 | 32.10 |

**ਸ੍ਰੋਤ—** ਇਨਡਿਅਨ ਜਰਨਲ ਆਫ ਐਗਰੀਕਲਚਰਲ ਇਕਨਾਮਿਕਸ (ਜੁਲਾਈ-ਸਤੰਬਰ 2000, ਪੰਨਾ 301-302)

ਸਾਰਨੀ 52 ਵਿੱਚ ਪਟੇਦਾਰੀ ਦੀਆਂ ਵੱਖ-ਵੱਖ ਸ਼ਰਤਾਂ ਤਹਿਤ ਪਟੇ 'ਤੇ ਲਈਆਂ ਜੋਤਾਂ ਅਤੇ ਪਟੇ 'ਤੇ ਲਏ ਰਕਬੇ ਪ੍ਰਤੀਸ਼ਤ ਵੰਡ ਵਿੱਚ ਤਬਦੀਲੀ ਦੀ ਗਣਨਾ ਕੀਤੀ ਗਈ ਹੈ। ਇਹ ਦਰਸਾਉਂਦੀ ਹੈ ਕਿ ਜਿਆਦਾਤਰ ਰਾਜਾਂ ਵਿੱਚ ਹਿੱਸੇ ਤੇ ਪਟੇਦਾਰੀ (Share Tenancy) ਦੇ ਵਰਤਾਰੇ ਵਿੱਚ ਮਹੱਤਵਪੂਰਨ ਕਮੀ ਆਈ ਹੈ। 1991-92 ਵਿੱਚ ਹਿੱਸੇ ਤੇ ਪਟੇਦਾਰੀ ਤਹਿਤ ਉੜੀਸਾ, ਉੱਤਰ ਪ੍ਰਦੇਸ਼ ਅਤੇ ਪੱਛਮੀ ਬੰਗਾਲ ਵਿੱਚ ਪਟੇ ਲਏ ਗਏ ਰਕਬੇ ਅਤੇ ਜੋਤਾਂ ਲਗਭਗ ਅੱਧ ਸੀ,

ਬਿਹਾਰ ਵਿੱਚ ਇਹ 40% ਦੇ ਕਰੀਬ ਸਨ ਅਤੇ ਹੋਰ ਰਾਜਾਂ ਜਿਵੇਂ ਕਿ ਆਂਧਰਾ ਪ੍ਰਦੇਸ਼, ਅਸਾਮ ਅਤੇ ਕਰਨਾਟਕ ਵਿੱਚ ਹਿੱਸੇ ਤੇ ਪਟੇਦਾਰੀ ਤਹਿਤ 30% ਜੋਤਾਂ ਅਤੇ ਲਗਭਗ ਇੰਨਾ ਹੀ ਰਕਬਾ ਸੀ। ਲਗਭਗ ਸਾਰੇ ਹੀ ਰਾਜਾਂ ਵਿੱਚ ਨਿਸ਼ਚਿਤ ਨਕਦੀ ਤਹਿਤ ਪਟੇਦਾਰੀ ਜੋਤਾਂ ਅਤੇ ਰਕਬੇ ਦਾ ਮਹੱਤਵ ਲਗਾਤਾਰ ਵਧਦਾ ਗਿਆ ਹੈ। 1991-92 ਵਿੱਚ ਲਗਭਗ ਅੱਧੇ ਰਾਜਾਂ ਵਿੱਚ ਨਿਸ਼ਚਿਤ ਨਕਦੀ ਤਹਿਤ ਪਟੇਦਾਰੀ, ਹਿੱਸੇ 'ਤੇ ਪਟੇਦਾਰੀ ਤੋਂ ਵਧੇਰੇ ਮਹੱਤਵਪੂਰਨ ਥਾਂ ਹਾਸਲ ਕਰ ਚੁੱਕੀ ਸੀ।

ਸਾਰਨੀ 53 ਵਿੱਚ ਵੱਖ-ਵੱਖ ਰਾਜਾਂ ਵਿੱਚ1972 ਤੋਂ 1992 ਦਰਮਿਆਨ ਵਾਹੀ ਅਧੀਨ ਮਾਲਿਕਾਨਾ ਜੋਤਾਂ ਪੂਰੀ ਤਰ੍ਹਾਂ ਪਟੇ 'ਤੇ ਲਈਆਂ ਜੋਤਾਂ ਅਤੇ ਰਕਬੇ ਦਾ ਪ੍ਰਤੀਸ਼ਤ ਦਿਖਾਇਆ ਗਿਆ ਹੈ। ਸਾਰਣੀ ਤੋਂ ਨਜ਼ਰ ਆਉਂਦਾ ਹੈ ਕਿ ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਨੂੰ ਛੱਡ ਕੇ ਬਾਕੀ ਸਾਰੇ ਪ੍ਰਮੁੱਖ ਰਾਜਾਂ ਵਿੱਚ ਮਾਲਕੀ ਵਾਲੀਆਂ ਜੋਤਾਂ ਦੀ ਸੰਖਿਆ ਵਧੀ ਹੈ। ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਮਾਲਕੀ ਵਾਲੀਆਂ ਜੋਤਾਂ ਦੀ ਸੰਖਿਆ ਵਿੱਚ ਮਾਮੂਲੀ ਗਿਰਾਵਟ ਆਈ ਹੈ। ਆਂਧਰਾ ਪ੍ਰਦੇਸ਼, ਗੁਜਰਾਤ, ਹਰਿਆਣਾ, ਹਿਮਾਚਲ ਪ੍ਰਦੇਸ਼, ਮਹਾਂਰਾਸ਼ਟਰ, ਰਾਜਸਥਾਨ, ਤਾਮਿਲਨਾਡੂ, ਉੱਤਰ ਪ੍ਰਦੇਸ਼, ਪੱਛਮੀ ਬੰਗਾਲ ਆਦਿ ਅਜੇਹੇ ਰਾਜ ਹਨ ਜਿੱਥੇ ਪਟੇ 'ਤੇ ਲਈਆਂ ਜੋਤਾਂ ਦੀ ਸੰਖਿਆ ਵਧੀ ਹੈ ਭਾਵੇਂ ਜਿਆਦਾਤਰ ਮਾਮਲਿਆਂ ਵਿੱਚ ਇਹ ਵਾਧਾ ਮਾਮੂਲੀ ਹੈ। ਕੁੱਲ ਭਾਰਤ ਦੇ ਪੱਧਰ 'ਤੇ ਦੇਖੀਏ ਤਾਂ 1971-72 ਤੋਂ 1991-92 ਤੱਕ ਮਾਲਕੀ ਵਾਲ਼ੀਆਂ ਜੋਤਾਂ ਵਿੱਚ ਵਾਧਾ ਨਜ਼ਰ ਆਉਂਦਾ ਹੈ, 1971-72 ਵਿੱਚ 74.31% ਜੋਤਾਂ ਮਾਲਕੀ ਵਾਲੀਆਂ ਸਨ ਜੋ ਕਿ 1991-92 ਵਿੱਚ ਵਧਕੇ 81.98% ਹੋ ਗਈਆਂ। ਇਸ ਤਰ੍ਹਾਂ ਇਸ ਸਮੇਂ ਦੌਰਾਨ ਮਾਲਕੀ ਵਾਲੀਆਂ ਜੋਤਾਂ ਵਿੱਚ 7.67% ਦਾ ਵਾਧਾ ਹੋਇਆ, ਜਦੋਂ ਕਿ ਪਟੇਦਾਰ ਜੋਤਾਂ ਦੇ ਮਾਮਲੇ ਵਿੱਚ ਸਮੇਂ ਦੌਰਾਨ ਲਗਭਗ ਖੜ੍ਹੋਤ ਵਾਲ਼ੀ ਸਥਿਤੀ ਹੈ।

**ਸਾਰਣੀ 53**

## ਪੇਂਡੂ ਭਾਰਤ ਵਿੱਚ ਪਟੇਦਾਰੀ ਵਿੱਚ ਤਬਦੀਲੀ

**(1971-72 ਤੋਂ 1991-92 ਮੁੱਖ ਰਾਜ)**

**ਪ੍ਰਤੀਸ਼ਤ**

| ਰਾਜ | ਸਾਲ | ਪੂਰੀ ਤਰ੍ਹਾਂ ਮਾਲਕੀ ਹੇਠ ਖੁਦਕਾਸ਼ਤ ਜੋਤਾਂ | ਮਿਲੀਆਂ ਜੁਲੀਆਂ ਜੋਤਾਂ | ਪੂਰੀ ਤਰ੍ਹਾਂ ਪਟੇ 'ਤੇ ਲਈਆਂ ਜੋਤਾਂ | ਨਾ ਮਾਲਕੀ ਹੇਠ ਨਾ ਪਟ 'ਤੇ ਲਈਆਂ ਜੋਤਾਂ | ਪਟੇ 'ਤੇ ਲਈਆਂ ਮਾਲਿਕਾਨਾ ਜੋਤਾਂ | ਪਟੇ 'ਤੇ ਲਿਆ ਰਕਬਾ | ਨਾ ਮਾਲਕੀ ਹੇਠ ਅਤੇ ਨਾ ਅਤੇ ਨਾ ਪਟੇ 'ਤੇ ਲਿਆ ਰਕਬਾ |
|---|---|---|---|---|---|---|---|---|
| (1) | (2) | (3) | (4) | (5) | (6) | (7) | (8) | (9) |
| ਆਂਧਰਾ ਪ੍ਰਦੇਸ਼ | 1971-72 | 78.34 | 20.94 | 0.72 | - | 90.98 | 9.02 | - |
| | 1981-82 | 83.45 | 15.27 | 1.04 | 0.23 | 92.98 | 6.23 | 0.79 |
| | 1991-92 | 79.69 | 13.32 | 2.43 | 4.56 | 88.49 | 9.57 | 1.94 |
| ਅਸਾਮ | 1971-72 | 75.27 | 7.83 | 18.90 | - | 80.31 | 19.69 | - |
| | 1981-82 | 83.93 | 10.77 | 3.50 | 1.80 | 90.99 | 6.35 | 2.66 |
| | 1991-92 | 79.88 | 5.07 | 7.35 | 7.70 | 85.84 | 8.87 | 5.29 |
| ਬਿਹਾਰ | 1971-72 | 60.24 | 39.03 | 0.73 | - | 85.50 | 14.50 | - |
| | 1981-82 | 78.03 | 20.04 | 1.01 | 0.56 | 88.68 | 10.27 | 1.05 |
| | 1991-92 | 86.02 | 1.09 | 5056 | 6.52 | 92.81 | 3.91 | 3.28 |
| ਗੁਜਰਾਤ | 1971-72 | 90.68 | 8.61 | 0.71 | - | 96.09 | 3.91 | - |
| | 1981-82 | 94.61 | 3.80 | 1.34 | 0.25 | 97.80 | 1.95 | 0.25 |
| | 1991-92 | 92.83 | 2.36 | 2.35 | 2.46 | 92.70 | 3.34 | 3.96 |
| ਹਰਿਆਣਾ | 1971-72 | 62.65 | 33.73 | 3.62 | - | 76.74 | 23.26 | - |
| | 1981-82 | 72.29 | 25.51 | 2.20 | - | 80.31 | 18.22 | 1.65 |
| | 1991-92 | 78.96 | 12.41 | 4.83 | 3.80 | 66.07 | 33.74 | 0.19 |
| ਹਿਮਾਚਲ ਪ੍ਰਦੇਸ਼ | 1971-72 | - | - | - | - | - | - | - |
| | 1981-82 | 87.24 | 12.27 | 0.49 | - | 94.60 | 3.20 | 2.20 |
| | 1991-92 | 84.08 | 3.80 | 5.01 | 0.71 | 92.18 | 4.83 | 2.99 |
| ਜੰਮੂ ਕਸ਼ਮੀਰ | 1971-72 | 85.78 | 13.78 | 0.44 | - | 91.81 | 8.19 | - |

| ਰਾਜ | ਸਾਲ | ਪੂਰੀ ਤਰ੍ਹਾਂ ਮਾਲਕੀ ਹੇਠ ਖੁਦਕਾਸ਼ਤ ਜੋਤਾਂ | ਮਿਲੀਆਂ ਜੁਲੀਆਂ ਜੋਤਾਂ | ਪੂਰੀ ਤਰ੍ਹਾਂ ਪਟੇ 'ਤੇ ਲਈਆਂ ਜੋਤਾਂ | ਨਾ ਮਾਲਕੀ ਹੇਠ ਨਾ ਪਟ 'ਤੇ ਲਈਆਂ ਜੋਤਾਂ | ਪਟੇ 'ਤੇ ਲਈਆਂ ਮਾਲਿਕਾਨਾ ਜੋਤਾਂ | ਪਟੇ 'ਤੇ ਲਿਆ ਰਕਬਾ | ਨਾ ਮਾਲਕੀ ਹੇਠ ਅਤੇ ਨਾ ਅਤੇ ਨਾ ਪਟੇ 'ਤੇ ਲਿਆ ਰਕਬਾ |
|---|---|---|---|---|---|---|---|---|
| (1) | (2) | (3) | (4) | (5) | (6) | (7) | (8) | (9) |
| | 1981-82 | 88.16 | 11.73 | 0.11 | - | 95.19 | 2.37 | 2.44 |
| | 1991-92 | 91.20 | 5.35 | 0.52 | 2.93 | 94.44 | 3.73 | 1.83 |
| ਕਰਨਾਟਕ | 1971-72 | 71.18 | 22.84 | 5.98 | - | 84.11 | 15.89 | - |
| | 1981-82 | 83.14 | 14.57 | 1.78 | 0.51 | 92.12 | 6.04 | 1.84 |
| | 1991-92 | 80.35 | 6.14 | 3.73 | 9.78 | 84.53 | 7.43 | 8.04 |
| ਕੇਰਲਾ | 1971-72 | 82.67 | 9.94 | 7.39 | - | 91.41 | 8.59 | - |
| | 1981-82 | 90.89 | 4.87 | 2.92 | 1.32 | 95.52 | 2.05 | 2.43 |
| | 1991-92 | 90.99 | 2.54 | 3.21 | 3.26 | 95.37 | 2.88 | 1.75 |
| ਮੱਧ ਪ੍ਰਦੇਸ਼ | 1971-72 | 78.98 | 15.71 | 5.31 | - | 92.54 | 7.46 | - |
| | 1981-82 | 81.91 | 14.19 | 1.13 | 2.77 | 92.65 | 3.56 | 3.79 |
| | 1991-92 | 80.21 | 5.06 | 6.48 | 8.25 | 86.53 | 6.30 | 7.17 |
| ਮਹਾਂਰਾਸ਼ਟਰ | 1971-72 | 88.03 | 10.54 | 1.43 | - | 93.83 | 6017 | - |
| | 1981-82 | 87.15 | 9.29 | 2.69 | 0.87 | 94.21 | 5.20 | 0.59 |
| | 1991-92 | 89.22 | 5.53 | 2.40 | 2.85 | 9.50 | 5.48 | 4.02 |
| ਉੜੀਸਾ | 1971-72 | 67.76 | 27.70 | 4.54 | - | 86.54 | 13.46 | - |
| | 1981-82 | 74.27 | 24.06 | 1.49 | 0.18 | 83.97 | 9.92 | 6.12 |
| | 1991-92 | 70.46 | 17.69 | 1.70 | 10.15 | 84.41 | 9.48 | 6.11 |
| ਪੰਜਾਬ | 1971-72 | 47.05 | 48.17 | 4.78 | - | 71.99 | 28.01 | - |
| | 1981-82 | 76.19 | 21.17 | 1.64 | 0.46 | 82.21 | 16.07 | 1.72 |
| | 1991-92 | 80.27 | 15.60 | 1.43 | 2.70 | 80.82 | 18.83 | 0.35 |
| ਰਾਜਸਥਾਨ | 1971-72 | 91.08 | 8.30 | 0.62 | - | 94.72 | 5.28 | - |
| | 1981-82 | 89.53 | 8.51 | 1.52 | 0.44 | 94.47 | 4.31 | 1.22 |
| | 1991-92 | 90.32 | 6.22 | 1.55 | 1.91 | 92.41 | 5.19 | 2.40 |
| ਤਾਮਿਲਨਾਡੂ | 1971-72 | 68.35 | 27.35 | 4.30 | - | 86.94 | 13.01 | - |
| | 1981-82 | 70.45 | 19.70 | 8.56 | 1.29 | 87.37 | 10.92 | 1.71 |
| | 1991-92 | 74.56 | 11.02 | 5.82 | 8.60 | 84.91 | 10.89 | 4.20 |
| ਉੱਤਰ ਪ੍ਰਦੇਸ਼ | 1971-72 | 72.18 | 26.34 | 1.48 | - | 86.99 | 13.01 | - |
| | 1981-82 | 78.53 | 20.61 | 0.82 | 0.04 | 88.05 | 10.24 | 1.70 |
| | 1991-92 | 80.84 | 14.47 | 2.64 | 2.05 | 88.45 | 10.49 | 1.06 |
| ਪੱਛਮੀ ਬੰਗਾਲ | 1971-72 | 65.44 | 31.28 | 3.28 | - | 81.26 | 18.74 | - |
| | 1981-82 | 71.58 | 19.37 | 7.02 | 2.03 | 86.18 | 12.34 | 1.48 |
| | 1991-92 | 75.40 | 12.00 | 5.27 | 7.33 | 85.74 | 10.40 | 3.86 |
| ਕੁੱਲ ਭਾਰਤ | 1971-72 | 74.31 | 21.83 | 3.86 | - | 89.43 | 10.57 | - |
| | 1981-82 | 80.58 | 16.24 | 2.37 | 0.81 | 91.08 | 7.18 | 1.74 |
| | 1991-92 | 81.98 | 8.87 | | | | | |
| 3.85 | 5.30 | 87.91 | 8.28 | | | | | |
| 3.81 | | | | | | | | |

**ਸ੍ਰੋਤ—** ਇਨਡਿਅਨ ਜਰਨਲ ਆਫ ਐਗਰੀਕਲਚਰਲ ਇਕਨਾਮਿਕਸ (ਜੁਲਾਈ-ਸਤੰਬਰ 2000, ਪੰਨਾ 297-98)

ਸਾਰਣੀ 54 ਵਿੱਚ ਵੱਖ-ਵੱਖ ਅਕਾਰ ਦੀਆਂ ਜੋਤਾਂ ਦਾ ਕੁੱਲ ਪਟੇ 'ਤੇ ਲਈ ਜ਼ਮੀਨ ਵਿੱਚ ਹਿੱਸਾ ਦਿਖਾਇਆ ਗਿਆ ਹੈ। ਜਗੀਰੂ ਪੈਦਾਵਾਰੀ ਸਬੰਧਾਂ ਤਹਿਤ ਗਰੀਬ ਬੇਜ਼ਮੀਨੇ ਕਿਸਾਨ ਆਪਣੇ ਗੁਜਾਰੇ ਲਈ ਜਗੀਰਦਾਰਾਂ ਤੋਂ ਜ਼ਮੀਨ ਪਟੇ 'ਤੇ ਲੈਂਦੇ ਸਨ, ਜਗੀਰੂ ਲਗਾਨ ਇਹਨਾਂ ਮੁਜ਼ਾਰੇ ਕਿਸਾਨਾਂ ਦਾ ਕਚੂੰਮਰ ਕੱਢ ਦਿੰਦਾ ਸੀ ਅਤੇ ਇਸ ਲਗਾਨ ਦੇ ਸਿਰ' 'ਤੇ ਜਗੀਰਦਾਰ ਅੱਯਾਸ਼ੀ ਕਰਦੇ ਸਨ। ਪਰ ਖੇਤੀ ਵਿੱਚ ਸਰਮਾਏਦਾਰ ਰਿਸ਼ਤਿਆਂ ਦੇ ਭਾਰੂ ਹੋਣ ਨਾਲ ਸਥਿਤੀ ਬਦਲ ਚੁੱਕੀ ਹੈ,ਹਣ ਜਗੀਰੂ ਲੁੱਟ ਜਬਰ ਦੀ ਥਾਂ ਪੂੰਜੀਵਾਦੀ ਲੁੱਟ ਜਬਰ ਨੇ ਲੈ ਲਈ ਹੈ ਪੂੰਜੀਵਾਦੀ

ਪੈਦਾਵਾਰੀ ਸਬੰਧਾਂ ਦੇ ਸ਼ੁਰੂ ਹੋਣ ਕਾਰਨ ਉਲਟ ਪਟੇਦਾਰੀ ਦਾ ਚਲਣ ਵਧਿਆ ਹੈ ਪਟੇਦਾਰੀ ਦੀ ਪੂੰਜੀਵਾਦੀ ਮੰਡੀ ਵਿੱਚ ਹੁਣ ਪਟੇ 'ਤੇ ਜ਼ਮੀਨ ਲੈ ਸਕਣਾ ਛੋਟੇ ਕਿਸਾਨ ਦੀ ਪਹੁੰਚ ਤੋਂ ਬਾਹਰ ਹੁੰਦਾ ਜਾ ਰਿਹਾ ਹੈ। ਲੈਂਡ ਸੀਲਿੰਗ ਜੇਹੇ ਕਾਨੂੰਨ ਇੱਕ ਹੱਦ ਤੱਕ ਖੇਤੀ ਬੁਰਜੁਆਜੀ ਦੁਆਰਾ ਜ਼ਮੀਨ ਖਰੀਦੇ ਜਾਣ ਦੇ ਰਾਹ ਵਿੱਚ ਰੁਕਾਵਟ ਬਣੇ ਹੋਏ ਹਨ, ਇਸ ਲਈ ਖੇਤੀ ਬੁਰਜੁਆਜੀ ਜ਼ਮੀਨ ਦੀ ਜ਼ਰੂਰਤ ਛੋਟੇ ਕਿਸਾਨਾਂ ਤੋਂ ਠੇਕੇ ਲੈ ਕੇ ਪੂਰੀ ਕਰ ਰਹੀ ਹੈ, ਦੂਜੇ ਪਾਸੇ ਛੋਟੀ ਜੋਤ ਵਾਲ਼ੇ ਕਿਸਾਨ ਜ਼ਮੀਨ ਖੇਤੀ ਬੁਰਜੁਆਜ਼ੀ ਨੂੰ ਠੇਕੇ 'ਤੇ ਦੇ ਕੇ ਖੁਦ ਉਜ਼ਰਤੀ ਮਜ਼ਦੂਰਾਂ ਦੀਆਂ ਸਫਾਂ ਵਿੱਚ ਸ਼ਾਮਿਲ ਹੋ ਰਹੇ ਹਨ।

ਸਾਰਨੀ 54 ਤੋਂ ਦੇਖਿਆ ਜਾ ਸਕਦਾ ਹੈ ਕਿ 1992 ਵਿੱਚ ਪਟੇ 'ਤੇ ਲਏ ਗਏ ਕੁੱਲ ਰਕਬੇ ਵਿੱਚੋਂ ਆਂਧਰਾ ਪ੍ਰਦੇਸ਼ ਵਿੱਚ 55.47%, ਅਸਾਮ 41%, ਗੁਜਰਾਤ 85.4%, ਹਰਿਆਣਾ 96.6%, ਹਿਮਾਚਲ ਪ੍ਰਦੇਸ਼ 50.70%, ਕਰਨਾਟਕ 77.4%, ਮੱਧ ਪ੍ਰਦੇਸ਼ 77.3%, ਮਹਾਂਰਾਸ਼ਟਰ 89.8%,ਪੰਜਾਬ 87.6%, ਰਾਜਸਥਾਨ 87.9%, ਤਾਮਿਲਨਾਡੂ 43.2%, ਉੱਤਰ ਪ੍ਰਦੇਸ਼ ਵਿੱਚ 42.3% ਰਕਬਾ ਦਰਮਿਆਨੇ ਅਤੇ ਧਨੀ ਕਿਸਾਨਾਂ ਕੋਲ਼ ਸੀ। ਕੁੱਲ ਭਾਰਤ ਦੇ ਪੱਧਰ 'ਤੇ ਵੱਖਿਆ ਜਾਵੇ ਤਾਂ ਪਟੇ 'ਤੇ ਕੁੱਲ ਰਕਬੇ ਵਿੱਚ ਖੁਸ਼ਹਾਲ ਦਰਮਿਆਨੇ ਅਤੇ ਧਨੀ ਕਿਸਾਨ ਦਾ ਹਿੱਸਾ 64.5% ਸੀ। ਜਦੋਂ ਕਿ ਸੀਮਾਂਤ ਕਿਸਾਨਾਂ ਦਾ ਹਿੱਸਾ ਮਹਿਜ਼ 16.3% ਸੀ ਜਦੋਂ ਕਿ ਇਸ ਸਮੇਂ ਕੁੱਲ ਕਿਸਾਨਾਂ ਵਿੱਚ 60% ਕਿਸਾਨ ਸੀਮਾਂਤ ਕਿਸਾਨ (ਇੱਕ ਹੈਕਟੇਅਰ ਤੋਂ ਘੱਟ ਜ਼ਮੀਨ ਵਾਲੇ) ਸਨ। 1992 ਤੋਂ ਬਾਅਦ ਭਾਰਤੀ ਖੇਤੀ ਸਰਮਾਏਦਾਰ ਰਾਹ 'ਤੇ ਹੋਰ ਵੀ ਤੇਜ਼ ਰਫਤਾਰ ਦੌੜੀ ਹੈ, ਇਸ ਸਮੇਂ ਦੌਰਾਨ ਕਾਰਪੋਰੇਟ ਖੇਤੀ ਅਤੇ ਐਗਰੀਬਿਜ਼ਨਸ (ਜਿਸ ਬਾਰੇ ਵਿਸਥਾਰ ਵਿੱਚ ਚਰਚਾ ਅੱਗੇ ਕਰਾਂਗੇ) ਦੀ ਚਰਚਾ ਨੇ ਜ਼ੋਰ ਫੜਿਆ ਹੈ। ਇਸ ਸਹਿਜੇ ਹੀ ਨਤੀਜ਼ਾ ਕੱਢਿਆ ਜਾ ਸਕਦਾ ਹੈ ਕਿ ਸਮੇਂ ਦੌਰਾਨ ਉਪਰੋਕਤ ਰੁਝਾਨ 'ਚ ਹੋਰ ਵਧੇਰੇ ਇਜ਼ਾਫਾ ਹੋਇਆ ਹੈ।

## ਸਾਰਣੀ 54

## ਪਟੇ 'ਤੇ ਲਏ ਕੁੱਲ ਰਕਬੇ 'ਚ ਵੱਖ-ਵੱਖ ਅਕਾਰ ਦੀਆਂ ਜੋਤਾਂ ਦੇ ਹਿੱਸੇ ਵਿੱਚ ਤਬਦੀਲੀ

(ਵਾਹੀ ਅਧੀਨ ਜੋਤਾਂ 'ਤੇ ਅਧਾਰਿਤ)

| | ਪਟੇ 'ਤੇ ਲਈ ਕੁੱਲ ਜ਼ਮੀਨ ਵਿੱਚ % ਹਿੱਸਾ | | |
|---|---|---|---|
| ਰਾਜ | ਅਕਾਰ(ਹੈਕਟੇਅਰ) | 1982 | 1992 |
| ਆਂਧਰਾ ਪ੍ਰਦੇਸ਼ | <1 | 12.69 | 20.20 |
| | 1-2 | 16.40 | 24.40 |
| | 2-4 | 28.53 | 29.20 |
| | >4 | 42.37 | 26.20 |
| | ਸਾਰੇ ਅਕਾਰ | 100.00 | 100.00 |
| ਅਸਾਮ | <1 | 18.15 | 26.90 |
| | 1-2 | 30.24 | 30.80 |
| | 2-4 | 38.43 | 13.90 |
| | >4 | 13.24 | 28.50 |
| | ਸਾਰੇ ਅਕਾਰ | 100.00 | 100.00 |
| ਬਿਹਾਰ | <1 | 29.73 | 45.80 |
| | 1-2 | 39.74 | 35.30 |
| | 2-4 | 20.82 | 17.30 |
| | >4 | 9.73 | 1.60 |
| | ਸਾਰੇ ਅਕਾਰ | 100.00 | 100.00 |
| ਗੁਜਰਾਤ | <1 | 7.87 | 7.30 |
| | 1-2 | 2.26 | 7.30 |
| | 2-4 | 11.27 | 43.60 |
| | >4 | 78.55 | 41.80 |
| | ਸਾਰੇ ਅਕਾਰ | 100.00 | 100.00 |
| ਹਰਿਆਣਾ | <1 | 3.83 | 1.00 |
| | 1-2 | 4.24 | 2.40 |
| | 2-4 | 32.97 | 14.40 |
| | >4 | 58.97 | 82.20 |
| | ਸਾਰੇ ਅਕਾਰ | 100.00 | 100.00 |
| ਹਿਮਾਚਲ ਪ੍ਰਦੇਸ਼ | <1 | 33.43 | 49.30 |
| | 1-2 | 33.88 | 27.20 |
| | 2-4 | 16.15 | 23.50 |
| | >4 | 16.41 | 0.00 |
| | ਸਾਰੇ ਅਕਾਰ | 100.00 | 100.00 |
| ਜੰਮੂ ਕਸ਼ਮੀਰ | <1 | 17.80 | 21.10 |
| | 1-2 | 31.05 | 51.80 |
| | 2-4 | 43.58 | 26.00 |
| | >4 | 7.56 | 1.00 |
| | ਸਾਰੇ ਅਕਾਰ | 100.00 | 100.00 |
| ਕਰਨਾਟਕ | <1 | 3.56 | 7.00 |
| | 1-2 | 11.17 | 15.70 |
| | 2-4 | 23.25 | 12.40 |
| | >4 | 56.29 | 65.00 |
| | ਸਾਰੇ ਅਕਾਰ | 100.00 | 100.00 |
| ਕੇਰਲਾ | <1 | 57.72 | 39.00 |
| | 1-2 | 18.69 | 30.40 |
| | 2-4 | 48.31 | 13.50 |
| | >4 | 20.76 | 17.20 |
| | ਸਾਰੇ ਅਕਾਰ | 100.00 | 100.00 |
| ਮੱਧ ਪ੍ਰਦੇਸ਼ | <1 | 4.11 | 8.30 |
| | 1-2 | 11.68 | 18.50 |
| | 2-4 | 17.53 | 35.60 |
| | >4 | 66.66 | 37.70 |
| | ਸਾਰੇ ਅਕਾਰ | 100.00 | 100.00 |
| ਮਹਾਂਰਾਸ਼ਟਰ | <1 | 3.21 | 4.00 |
| | 1-2 | 2.86 | 6.20 |
| | 2-4 | 16.56 | 16.50 |
| | >4 | 77.39 | 73.30 |
| | ਸਾਰੇ ਅਕਾਰ | 100.00 | 100.00 |
| ਉੜੀਸਾ | <1 | 17.15 | 25.80 |

| | | | |
|---|---|---|---|
| | 1-2 | 23.59 | 45.60 |
| | 2-4 | 19.94 | 23.40 |
| | >4 | 39.13 | 5.20 |
| | ਸਾਰੇ ਅਕਾਰ | 100.00 | 100.00 |
| ਪੰਜਾਬ | <1 | 2.57 | 5.70 |
| | 1-2 | 10.41 | 6.70 |
| | 2-4 | 21.60 | 21.30 |
| | >4 | 65.40 | 66.30 |
| | ਸਾਰੇ ਅਕਾਰ | 100.00 | 100.00 |
| ਰਾਜਸਥਾਨ | <1 | 2.77 | 7.00 |
| | 1-2 | 3.89 | 5.10 |
| | 2-4 | 24.17 | 12.40 |
| | >4 | 69.23 | 75.50 |
| | ਸਾਰੇ ਅਕਾਰ | 100.00 | 100.00 |
| ਤਾਮਿਲਨਾਡੂ | <1 | 34.18 | 28.70 |
| | 1-2 | 28.85 | 28.20 |
| | 2-4 | 22.50 | 24.70 |
| | >4 | 14.47 | 18.50 |
| | ਸਾਰੇ ਅਕਾਰ | 100.00 | 100.00 |
| ਉੱਤਰ ਪ੍ਰਦੇਸ਼ | <1 | 21.46 | 26.60 |
| | 1-2 | 28.49 | 31.10 |
| | 2-4 | 27.76 | 25.20 |
| | >4 | 22.07 | 17.10 |
| | ਸਾਰੇ ਅਕਾਰ | 100.00 | 100.00 |
| ਪੱਛਮੀ ਬੰਗਾਲ | <1 | 31.93 | 50.70 |
| | 1-2 | 26.27 | 35.70 |
| | 2-4 | 25.48 | 12.30 |
| | >4 | 11.61 | 1.30 |
| | ਸਾਰੇ ਅਕਾਰ | 100.00 | 100.00 |
| ਕੁੱਲ ਭਾਰਤ | <1 | 15.57 | 16.30 |
| | 1-2 | 19.57 | 19.30 |
| | 2-4 | 23.86 | 21.60 |
| | <4 | 41.03 | 42.90 |
| | ਸਾਰੇ ਅਕਾਰ | 100.00 | 100.00 |

**ਸ੍ਰੋਤ—** ਇਨਡਿਅਨ ਜਰਨਲ ਆਫ ਐਗਰੀਕਲਚਰਲ ਇਕਨਾਮਿਕਸ (ਜੁਲਾਈ-ਸਤੰਬਰ 2000, ਪੰਨਾ 243-45)

ਸਾਰਨੀ 55 ਵਿੱਚ ਭਾਰਤ ਦੇ ਵੱਖ ਵੱਖ ਰਾਜਾਂ ਵਿੱਚ 1971-72 ਤੋਂ 1991-92 ਤੇ ਅਰਸੇ ਦੌਰਾਨ ਭੂਮੀ ਹੀਣ ਸੀਮਾਂਤ ਅਤੇ ਛੋਟੇ ਪਰਿਵਾਰ ਦੇ ਮਾਮਲੇ ਵਿੱਚ ਉਲਟ ਪਟੇਦਾਰੀ ਦਾ ਰੁਝਾਨ ਦਿਖਾਇਆ ਗਿਆ ਹੈ। ਅਸਾਮ, ਬਿਹਾਰ, ਜੰਮੂ ਕਸ਼ਮੀਰ, ਕਰਨਾਟਕ, ਕੇਰਲਾ, ਉੜੀਸਾ, ਤਾਮਿਲਨਾਡੂ, ਉੱਤਰ ਪ੍ਰਦੇਸ਼, ਪੱਛਮੀ ਬੰਗਾਲ ਆਦਿ ਅਜੇਹੇ ਰਾਜ ਹਨ, ਜਿੱਥੇ ਪੇਂਡੂ ਪਰਿਵਾਰਾਂ ਦੇ ਉਪਰੋਕਤ ਵਰਗ ਵਿੱਚ ਪਟੇ 'ਤੇ ਜ਼ਮੀਨ ਲੈਣ ਅਤੇ ਪਟੇ 'ਤੇ ਜ਼ਮੀਨ ਦੇਣ, ਦੋਹਾਂ ਮਾਮਲਿਆਂ ਵਿੱਚ ਹੀ ਕਮੀ ਆਈ ਹੈ। ਆਂਧਰਾ ਪ੍ਰਦੇਸ਼ ਇੱਕ ਅਜੇਹਾ ਰਾਜ ਹੈ ਜਿੱਥੇ ਪੇਂਡੂ ਪਰਿਵਾਰਾਂ ਦੇ ਉਪਰੋਕਤ ਸਮੂਹ ਦੁਆਰਾ ਪਟੇ 'ਤੇ ਜ਼ਮੀਨ ਲੈਣ ਦਾ ਰੁਝਾਨ ਤਾਂ ਵਧਿਆ ਹੈ ਪਰ ਪਟੇ 'ਤੇ ਜ਼ਮੀਨ ਦੇਣ ਦੇ ਰੁਝਾਨ ਵਿੱਚ ਕਮੀ ਹੈ। ਗੁਜਰਾਤ, ਹਰਿਆਣਾ, ਮੱਧ ਪ੍ਰਦੇਸ਼, ਰਾਜਸਥਾਨ ਆਦਿ ਅਜੇਹੇ ਰਾਜ ਹਨ ਜਿੱਥੇ ਭੂਮੀ ਹੀਣ ਸੀਮਾਂਤ ਅਤੇ ਛੋਟੀਆਂ ਜੋਤਾਂ ਵਾਲੇ ਪਰਿਵਾਰਾਂ ਦੇ ਮਾਮਲੇ ਵਿੱਚ ਪਟੇ 'ਤੇ ਜ਼ਮੀਨ ਲੈਣ ਅਤੇ ਦੇਣ ਦੇ ਦੋਹਾਂ ਹੀ ਮਾਮਲਿਆਂ ਵਿੱਚ ਵਾਧੇ ਦਾ ਰੁਝਾਨ ਦੇਖਿਆ ਜਾ ਸਕਦਾ ਹੈ। ਮਹਾਂਰਾਸ਼ਟਰ ਅਤੇ ਪੰਜਾਬ ਦੇ ਅਜੇਹੇ ਰਾਜ ਹਨ ਜਿੱਥੇ ਉਪਰੋਕਤ ਪਰਿਵਾਰਾਂ ਵਿੱਚ ਪਟੇ 'ਤੇ ਜ਼ਮੀਨ ਲੈਣ ਦੇ ਰੁਝਾਨ ਵਿੱਚ ਤਾਂ ਕਮੀ ਆਈ ਹੈ ਪਰ ਪਟੇ 'ਤੇ ਜ਼ਮੀਨ ਦੇਣ ਦੇ ਰੁਝਾਨ ਵਿੱਚ ਵਾਧਾ ਹੋਇਆ ਹੈ। ਕੁੱਲ ਭਾਰਤ ਦੇ ਪੱਧਰ 'ਤੇ ਦੇਖੀਏ ਤਾਂ ਉਪਰੋਕਤ ਪਰਿਵਾਰਾਂ ਵਿੱਚ ਪਟੇ 'ਤੇ ਜ਼ਮੀਨ ਲੈਣ ਦੇ ਰੁਝਾਨ ਵਿੱਚ ਇਸ ਅਰਸੇ ਦੌਰਾਨ ਲਗਭਗ 4% ਦਾ ਵਾਧਾ ਹੋਇਆ ਹੈ ਜਦੋਂ ਕਿ ਪਟੇ 'ਤੇ ਜ਼ਮੀਨ ਦੇਣ ਦੇ ਮਾਮਲੇ ਵਿੱਚ ਕਮੀ ਲਗਭਗ 2% ਦੀ ਕਮੀ ਆਈ ਹੈ।

**ਸਾਰਣੀ 55**

ਉਲਟ ਪਟੇਦਾਰੀ: ਪਟੇਦਾਰੀ ਮੰਡੀ ਵਿੱਚ ਬੇਜ਼ਮੀਨੇ, ਸੀਮਾਂਤ ਅਤੇ ਛੋਟੀਆਂ ਜੋਤਾਂ ਵਾਲੇ ਪਰਿਵਾਰਾਂ ਦੀ ਸ਼ਮੂਲੀਅਤ ਦਾ ਪੱਧਰ

ਮੁੱਖ ਰਾਜ 1971-72 ਤੋਂ 1991-92

| ਰਾਜ | 1971-72 ਪਟੇ 'ਤੇ ਲਈ ਜ਼ਮੀਨ (00 ਹੈਕਟੇਅਰ) | ਪਟੇ 'ਤੇ ਦਿੱਤੀ ਦਿੱਤੀ ਜ਼ਮੀਨ (00 ਹੈਕਟੇਅਰ) | ਪਟੇ 'ਤੇ ਲਈ ਜ਼ਮੀਨ ਦਾ %ਹਿੱਸਾ | ਪਟੇ 'ਤੇ ਦਿੱਤੀ ਜ਼ਮੀਨ ਦਾ %ਹਿੱਸਾ | 1991-92 ਪਟੇ 'ਤੇ ਲਏ ਜ਼ਮੀਨ (00 ਹੈਕਟੇਅਰ) | ਪਟੇ 'ਤੇ ਦਿੱਤੀ ਜ਼ਮੀਨ (00 ਹੈਕਟੇਅਰ) | ਪਟੇ 'ਤੇ ਲਈ ਜ਼ਮੀਨ ਦਾ %ਹਿੱਸਾ | ਪਟੇ 'ਤੇ ਦਿੱਤੀ ਜ਼ਮੀਨ ਦਾ %ਹਿੱਸਾ |
|---|---|---|---|---|---|---|---|---|
| (1) | (2) | (3) | (4) | (5) | (6) | (7) | (8) | (9) |
| ਆਂਧਰਾ ਪ੍ਰਦੇਸ਼ | 5,831 | 2,857 | 42.93 | 30.92 | 6,969 | 2,396 | 82.52 | 64.17 |
| ਅਸਾਮ | 6,172 | 750 | 95.26 | 44.67 | 1,804 | 402 | 95.04 | 58.69 |
| ਬਿਹਾਰ | 10,393 | 2,190 | 88.06 | 44.23 | 3,118 | 981 | 95.03 | 41.50 |
| ਗੁਜਰਾਤ | 2,286 | 507 | 64.94 | 26.23 | 2,571 | 940 | 90.31 | 38.68 |
| ਹਰਿਆਣਾ | 3,418 | 230 | 63.21 | 14.79 | 4,074 | 4,234 | 28.76 | 64.06 |

| | | | | | | | | |
|---|---|---|---|---|---|---|---|---|
| ਜੰਮੂ ਕਸ਼ਮੀਰ | 396 | 129 | 66.00 | 75.88 | 166 | - | 96.51 | 70.71 |
| ਕਰਨਾਟਕ | 10,998 | 2,130 | 65.74 | 30.33 | 4,187 | 1,459 | 58.47 | 19.49 |
| ਕੇਰਲਾ | 884 | 212 | 90.11 | 65.63 | 262 | - | 8213 | - |
| ਮੱਧ ਪ੍ਰਦੇਸ਼ | 8,227 | 1,004 | 58.81 | 19.20 | 9,084 | 1,783 | 75.86 | 28.94 |
| ਮਹਾਂਰਾਸ਼ਟਰ | 5,563 | 1,067 | 28.55 | 16.10 | 4,734 | 1,638 | 59.56 | 24.49 |
| ਉੜੀਸਾ | 4,731 | 1,845 | 82.29 | 59.07 | 4,484 | 1,736 | 91.77 | 75.02 |
| ਪੰਜਾਬ | 5,228 | 693 | 64.41 | 16.56 | 1,767 | 810 | 42.41 | 32.36 |
| ਰਾਜਸਥਾਨ | 4,324 | 428 | 59.16 | 7.81 | 5,147 | 709 | 57.37 | 10.99 |
| ਤਾਮਿਲਨਾਡੂ | 5,494 | 3,032 | 91.31 | 25.15 | 3,900 | 1,745 | 86.91 | 64.57 |
| ਉੱਤਰ ਪ੍ਰਦੇਸ਼ | 19,351 | 4,358 | 88.34 | 46.83 | 16,767 | 4,158 | 91.37 | 49.30 |
| ਪੱਛਮੀ ਬੰਗਾਲ | 11,691 | 1,787 | 94.58 | 51.57 | 5,029 | 1,145 | 97.20 | 60.45 |
| ਕੁੱਲ ਭਾਰਤ | 9,874 | 2,521 | 67.03 | 34.55 | 74,772 | 19,497 | 71.27 | 32.44 |

ਸ੍ਰੋਤ—ਐੱਨ.ਐੱਸ.ਐੱਸ.ਓ ਰਿਪੋਰਟ ਨੰ:215 ਅਤੇ 399

## ਸਾਰਣੀ 56

## ਪਟੇ 'ਤੇ ਲਈਆਂ ਕੁੱਲ ਜੋਤਾਂ ਵਿੱਚ ਵੱਡੇ ਅਤੇ ਸੀਮਾਂਤ ਕਿਸਾਨਾਂ ਦਾ ਹਿੱਸਾ

(ਪ੍ਰਤੀਸ਼ਤ)

| | ਵੱਡੇ ਕਿਸਾਨ | | ਸੀਮਾਂਤ ਕਿਸਾਨ | | ਸਾਰੇ ਵਰਗ | |
|---|---|---|---|---|---|---|
| ਰਾਜ | 1981-82 | 1991-92 | 1981-82 | 1991-92 | 1981-82 | 1991-92 |
| ਆਂਧਰਾ ਪ੍ਰਦੇਸ਼ | 3.1 | 1.3 | 39.6 | 43.8 | 100 | 100 |
| ਅਸਾਮ | 0.2 | 1.5 | 42.3 | 55.3 | 100 | 100 |
| ਬਿਹਾਰ | 0.1 | 0.4 | 61.3 | 77.9 | 100 | 100 |
| ਗੁਜਰਾਤ | 6.2 | 0.8 | 58.4 | 39.4 | 100 | 100 |
| ਹਰਿਆਣਾ | 4.0 | 19.0 | 15.1 | 13.3 | 100 | 100 |
| ਕਰਨਾਟਕ | 5.0 | 2.9 | 21.0 | 33.9 | 100 | 100 |
| ਕੇਰਲਾ | 0.3 | 0.1 | 92.5 | 87.1 | 100 | 100 |
| ਮੱਧ ਪ੍ਰਦੇਸ਼ | 1.6 | 3.0 | 23.2 | 28.7 | 100 | 100 |
| ਮਹਾਂਰਾਸ਼ਟਰ | 7.6 | 5.3 | 39.7 | 35.5 | 100 | 100 |
| ਉੜੀਸਾ | 0.5 | 0.1 | 48.1 | 52.2 | 100 | 100 |
| ਪੰਜਾਬ | 5.2 | 5.1 | 31.0 | 29.2 | 100 | 100 |
| ਰਾਜਸਥਾਨ | 6.7 | 11.2 | 22.2 | 34.0 | 100 | 100 |
| ਤਾਮਿਲਨਾਡੂ | 0.3 | 0.3 | 75.0 | 70.8 | 100 | 100 |
| ਉੱਤਰ ਪ੍ਰਦੇਸ਼ | 0.3 | 0.4 | 51.3 | 55.5 | 100 | 100 |
| ਪੱਛਮੀ ਬੰਗਾਲ | 0.2 | 0.6 | 74.3 | 74.7 | 100 | 100 |
| ਕੁੱਲ ਭਾਰਤ | 1.4 | 2.0 | 52.9 | 53.2 | 100 | 100 |

ਸ੍ਰੋਤ — ਇਕਨਾਮਿਕ ਐਂਡ ਪੁਲੀਟੀਕਲ ਵੀਕਲੀ (17 ਜੁਲਾਈ 2004, ਪੰਨਾ 3274)

## ਸਾਰਣੀ 57

## ਪਟੇ 'ਤੇ ਲਏ ਕੁੱਲ ਰਕਬੇ ਵਿੱਚ ਵੱਡੇ ਅਤੇ ਸੀਮਾਂਤ ਕਿਸਾਨਾਂ ਦਾ ਹਿੱਸਾ

(ਪ੍ਰਤੀਸ਼ਤ)

| | ਵੱਡੇ ਕਿਸਾਨ | | ਸੀਮਾਂਤ ਕਿਸਾਨ | | ਸਮੇਂ ਵਰਗ | |
|---|---|---|---|---|---|---|
| ਰਾਜ | 1981-82 | 1991-92 | 1981-82 | 1991-92 | 1981-82 | 1991-92 |
| ਆਂਧਰਾ ਪ੍ਰਦੇਸ਼ | 13.2 | 13.4 | 12.7 | 19.6 | 100 | 100 |
| ਅਸਾਮ | 1.7 | 18.7 | 18.1 | 26.9 | 100 | 100 |
| ਬਿਹਾਰ | 0.0 | 0.0 | 30.7 | 45.9 | 100 | 100 |

| | | | | | | |
|---|---|---|---|---|---|---|
| ਗੁਜਰਾਤ | 40.3 | 1.1 | 7.9 | 7.4 | 100 | 100 |
| ਹਰਿਆਣਾ | 13.7 | 64.7 | 3.8 | 1.0 | 100 | 100 |
| ਕਰਨਾਟਕ | 16.1 | 18.7 | 3.6 | 7.0 | 100 | 100 |
| ਕੇਰਲਾ | 13.0 | 6.4 | 57.8 | 38.9 | 100 | 100 |
| ਮੱਧ ਪ੍ਰਦੇਸ਼ | 5.7 | 8.4 | 4.1 | 8.3 | 100 | 100 |
| ਮਹਾਂਰਾਸ਼ਟਰ | 26.4 | 30.9 | 3.2 | 4.0 | 100 | 100 |
| ਉੜੀਸਾ | 33.9 | 0.1 | 17.2 | 25.8 | 100 | 100 |
| ਪੰਜਾਬ | 18.2 | 22.4 | 2.6 | 5.7 | 100 | 100 |
| ਰਾਜਸਥਾਨ | 3.8 | 45.2 | 2.8 | 7.0 | 100 | 100 |
| ਤਾਮਿਲਨਾਡੂ | [illegible] | 3.7 | 34.2 | 28.7 | 100 | 100 |
| ਉੱਤਰ ਪ੍ਰਦੇਸ਼ | 6.0 | 2.7 | 21.5 | 26.6 | 100 | 100 |
| ਪੱਛਮੀ ਬੰਗਾਲ | 12.1 | 0.0 | 31.4 | 50.7 | 100 | 100 |
| ਕੁੱਲ ਭਾਰਤ | 13.5 | 20.9 | 15.6 | 16.3 | 100 | 100 |

**ਸ੍ਰੋਤ**—ਇਕਨਾਮਿਕ ਐਂਡ ਪੁਲੀਟੀਕਲ ਵੀਕਲੀ (17 ਜੁਲਾਈ 2004, ਪੰਨਾ 3274)

## ਸਾਰਣੀ 58

## ਪਟੇ 'ਤੇ ਲਈ ਜ਼ਮੀਨ ਦੇ ਸੰਕੇਦਰਣ ਦਾ ਗਿੰਨੀ ਸੂਚਕ ਅੰਕ

| ਰਾਜ | 1981-82 | 1991-92 |
|---|---|---|
| ਆਂਧਰਾ ਪ੍ਰਦੇਸ਼ | 0.53 | 0.41 |
| ਅਸਾਮ | 0.30 | 0.45 |
| ਬਿਹਾਰ | 0.56 | 0.43 |
| ਗੁਜਰਾਤ | 0.64 | 0.49 |
| ਹਰਿਆਣਾ | 0.42 | 0.54 |
| ਕਰਨਾਟਕ | 0.44 | 0.54 |
| ਕੇਰਲਾ | 0.71 | 0.65 |
| ਮੱਧ ਪ੍ਰਦੇਸ਼ | 0.45 | 0.41 |
| ਮਹਾਂਰਾਸ਼ਟਰ | 0.51 | 0.55 |
| ਉੜੀਸਾ | 0.50 | 0.34 |
| ਪੰਜਾਬ | 0.51 | 0.43 |
| ਰਾਜਸਥਾਨ | 0.52 | 0.52 |
| ਤਾਮਿਲਨਾਡੂ | 0.68 | 0.57 |
| ਉੱਤਰ ਪ੍ਰਦੇਸ਼ | 0.51 | 0.41 |
| ਪੱਛਮੀ ਬੰਗਾਲ | 0.60 | 0.35 |
| ਕੁੱਲ ਭਾਰਤ | 0.63 | 0.56 |

**ਸ੍ਰੋਤ** — ਇਕਨਾਮਿਕ ਐਂਡ ਪੁਲੀਟੀਕਲ ਵੀਕਲੀ (17 ਜੁਲਾਈ 2004, ਪੰਨਾ 3275)

## ਸਾਰਣੀ 59

## ਵੱਡੇ ਕਿਸਾਨਾਂ ਵਿੱਚ ਨਿਸ਼ਚਿਤ ਨਕਦੀ 'ਤੇ ਪਟੇਦਾਰੀ ਦੇ ਰੁਝਾਨ ਵਿੱਚ ਵਾਧਾ

ਕੁੱਲ ਭਾਰਤ

| ਨਿਸ਼ਚਿਤ ਨਕਦੀ 'ਤੇ ਪਟੇਦਾਰੀ | 1981-82 | 1991-92 |
|---|---|---|
| ਕੁੱਲ ਪਟੇਦਾਰੀ ਜੋਤਾਂ ਵਿੱਚ ਨਿਸ਼ਚਿਤ ਨਕਦੀ ਅਧੀਨ ਪਟੇਦਾਰ ਜੋਤਾਂ ਦਾ ਪ੍ਰਤੀਸ਼ਤ | 18.99 (11.80) | 47.54 (23.23) |
| ਕੁੱਲ ਪਟੇਦਾਰੀ ਰਕਬੇ ਵਿੱਚ ਨਿਸ਼ਚਿਤ ਨਕਦੀ ਅਧੀਨ ਪਟੇਦਾਰੀ 'ਤੇ ਰਕਬੇ ਦਾ ਪ੍ਰਤੀਸ਼ਤ | 11.26 (10.86) | 35.49 (18.97) |
| ਨਿਸ਼ਚਿਤ ਨਕਦੀ ਅਧੀਨ ਪਟੇਦਾਰ ਜੋਤਾਂ ਵਿੱਚ ਵੱਡੇ ਕਿਸਾਨਾਂ ਦਾ ਪ੍ਰਤੀਸ਼ਤ ਹਿੱਸਾ | 2.46 (100) | 4.10 (100) |
| ਨਿਸ਼ਚਿਤ ਨਕਦੀ ਅਧੀਨ ਪਟੇ 'ਤੇ ਲਏ ਕੁੱਲ ਰਕਬੇ ਵਿੱਚ ਵੱਡੇ ਕਿਸਾਨਾਂ ਦਾ ਹਿੱਸਾ | 13.96 (100) | 39.06 (100) |

ਬਰੈਕਟਾਂ ਵਿੱਚ ਦਿੱਤੇ ਅੰਕ ਸਭ ਤਰ੍ਹਾਂ ਦੇ ਕਿਸਾਨਾਂ 'ਤੇ ਲਾਗੂ ਪ੍ਰਤੀਸ਼ਤ ਨੂੰ ਦਰਸਾਉਂਦੇ ਹਨ।

**ਸ੍ਰੋਤ** — ਇਕਨਾਮਿਕ ਐਂਡ ਪੁਲੀਟੀਕਲ ਵੀਕਲੀ (17 ਜੁਲਾਈ 2004, ਪੰਨਾ 3275)

ਨੈਸ਼ਨਲ ਸੈਂਪਲ ਸਰਵੇ ਜਥੇਬੰਦੀ ਦੇ 48ਵੇਂ ਰਾਉਂਡ ਅਨੁਸਾਰ ਭਾਰਤ ਵਿੱਚ 1991-92 ਵਿੱਚ ਭਾਰਤ ਦੇ ਪੇਂਡੂ ਖੇਤਰ ਵਿੱਚ ਵਾਹੀ ਅਧੀਨ ਕੁੱਲ ਰਕਬੇ 'ਚੋਂ ਲਗਭਗ ਸਿਰਫ 8.3% ਰਕਬਾ ਹੀ ਪਟੇਦਾਰੀ ਅਧੀਨ ਸੀ ਜੋ ਕਿ 10.27 ਮਿਲੀਅਨ ਜੋਤਾਂ ਵਿੱਚ ਵੰਡਿਆ ਹੋਇਆ ਸੀ, ਇਹ ਜੋਤਾਂ ਉਸ ਸਮੇਂ ਕੁੱਲ ਵਾਹੀ ਅਧੀਨ ਜੋਤਾਂ ਦਾ ਸਿਰਫ 11 ਫੀਸਦੀ ਬਣਦੀਆਂ ਸਨ। ਉਪਰੋਕਤ 8.3% ਪਟੇਦਾਰੀ ਅਧੀਨ ਰਕਬੇ 'ਚੋਂ ਸੀਮਾਤ ਕਿਸਾਨਾਂ ਕੋਲ ਸਿਰਫ 16.3% ਹੀ ਸੀ ਜਦੋਂ ਕਿ 42.9% ਰਕਬੇ 'ਤੇ ਧਨੀ ਕਿਸਾਨ ਕਾਬਜ਼ ਸਨ (ਸਾਰਨੀ 54) 1992 ਵਿੱਚ ਵਾਹੀ ਅਧੀਨ ਕੁੱਲ ਜੋਤਾਂ ਵਿੱਚ 81.98% ਜੋਤਾਂ ਪੂਰੀ ਤਰ੍ਹਾਂ ਮਾਲਕੀ ਵਾਲੀਆਂ ਅਤੇ ਖੁਦ ਕਾਸ਼ਤ ਜੋਤਾਂ ਸਨ, ਜਦੋਂ ਕਿ ਪੂਰੀ ਤਰ੍ਹਾਂ ਪਟੇ 'ਤੇ ਲਈਆਂ ਗਈਆਂ ਜੋਤਾਂ ਕੁੱਲ ਜੋਤਾਂ ਦਾ ਮਹਿਜ 3.85% ਬਣਦੀਆਂ ਸਨ। (ਸਾਰਨੀ 53)। ਅਜ਼ਾਦੀ ਵੇਲ਼ੇ ਕੁੱਲ ਵਾਹੀ ਅਧੀਨ

**(ਬਾਕੀ ਸਫ਼ਾ 23 'ਤੇ)**

ਨਾਲ ਪੂਰਾ ਨਹੀਂ ਕੀਤਾ ਜਾ ਸਕਦਾ, ਇਸ ਲਈ ਸਿੱਧੇ ਸਾਦੇ, ਰੋਜਮੱਰ੍ਹਾ ਦੇ ਕੰਮਾਂ ਵਿੱਚ ਲੋਕ ਸਮੂਹਾਂ ਦੇ ਸਭ ਤੋਂ ਵੱਧ ਲਮਕਵੇਂ, ਸਭ ਤੋਂ ਵੱਧ ਦ੍ਰਿੜ੍ਹ, ਸਭ ਤੋਂ ਵੱਧ ਮੁਸ਼ਕਿਲ ਘੋਲ ਦੀ ਜ਼ਰੂਰਤ ਹੁੰਦੀ ਹੈ (ਕੈਲਕਟਡ ਵਰਕਸ ਭਾਗ 29, ਪੰਨਾ-423)।

ਨਵੇਂ ਕਮਿਊਨਿਸਟ ਸੁਬੋਤਨਿਕਾਂ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਨੇ ਲਿਖਿਆ ਹੈ :

"ਜ਼ਾਹਿਰਾ ਤੌਰ 'ਤੇ, ਇਹ ਸਿਰਫ਼ ਇੱਕ ਸ਼ੁਰੂਆਤ ਹੈ ਪਰ ਇਹ ਇੱਕ ਛੋਟ ਵਜੋਂ ਮਹਾਨ ਮਹੱਤਵ ਵਾਲੀ ਸ਼ੁਰੂਆਤ ਹੈ। ਇਹ ਇਕ ਅਜਿਹੇ ਇਨਕਲਾਬ ਦੀ ਸ਼ੁਰੂਆਤ ਹੈ ਜੋ ਬੁਰਜੂਆਜ਼ੀ ਨੂੰ ਸੱਤ੍ਹਾ ਤੋਂ ਲਾਂਭੇ ਕਰਨ ਮੁਕਾਬਲੇ ਕਿੱਤੇ ਵੱਧ ਔਖੇ, ਵਧੇਰੇ ਸਖਤ, ਵਧੇਰੇ ਰੈਡੀਕਲ ਅਤੇ ਵਧੇਰੇ ਨਿਰਣਾਇਕ ਹੈ, ਕਿਉਂਕਿ ਇਹ ਸਾਡੇ ਖ਼ੁਦ ਦੇ ਪੱਛੜੇਪਣ, ਅਨੁਸ਼ਾਸਨਹੀਣਤਾ, ਨਿੱਕ ਬੁਰਜੂਆ ਹੰਕਾਰ 'ਤੇ ਇੱਕ ਜਿੱਤ ਹੈ, ਸੜਾਂਦ ਮਾਰੇ ਪੂੰਜੀਵਾਦ ਤੋਂ ਮਜ਼ਦੂਰਾਂ-ਕਿਸਾਨਾਂ ਨੂੰ ਵਿਰਾਸਤ ਦੇ ਰੂਪ ਵਿੱਚ ਪ੍ਰਾਪਤ ਹੋਈਆਂ ਆਦਤਾਂ 'ਤੇ ਇੱਕ ਜਿੱਤ ਹੈ। ਜਦੋਂ ਇਹ ਜਿੱਤ ਮੁਕੰਮਲ ਹੋ ਜਾਵੇਗੀ, ਤਾਂ ਹੀ ਜਾ ਕੇ ਨਵਾਂ ਸਮਾਜਿਕ ਅਨੁਸ਼ਾਸਨ, ਸਮਾਜਵਾਦੀ ਅਨੁਸ਼ਾਸਨ ਪੈਦਾ ਹੋ ਸਕੇਗਾ, ਤਾਂ ਹੀ ਅਤੇ ਕੇਵਲ ਤਾਂ ਹੀ ਪੂੰਜੀਵਾਦ ਦੀ ਵਾਪਸੀ ਅਸੰਭਵ ਹੋ ਸਕੇਗੀ ਅਤੇ ਕਮਿਊਨਿਜ਼ਮ ਅਸਲ ਵਿੱਚ ਅਜਿੱਤ ਹੋ ਸਕੇਗਾ" (ਕਲੈਕਟਡ ਵਰਕਸ ਖੰਡ 29, ਪੰਨਾ 411-12)।

ਚੀਨ ਵਿੱਚ ਜਾਰੀ ਸੱਭਿਆਚਾਰਕ ਇਨਕਲਾਬ ਨੇ ਬੁਨਿਆਦੀ ਤੌਰ 'ਤੇ ਹਰ ਅਰਥ ਵਿੱਚ ਉਨ੍ਹਾਂ ਚੀਜ਼ਾਂ ਨੂੰ ਸਾਕਾਰ ਕਰ ਦਿਖਾਇਆ ਹੈ, ਜੋ ਲੈਨਿਨ ਨੇ 1917 ਦੇ ਬਾਅਦ ਦੇ ਸਾਲਾਂ ਵਿੱਚ ਸੋਵੀਅਤ ਸੰਘ ਦੇ ਲਈ ਸੋਚਿਆ ਸੀ। ਇਹ ਉਨ੍ਹਾਂ ਲੋੜਾਂ ਦੇ ਤਕਾਜ਼ੇ ਤੋਂ ਪ੍ਰੇਰਿਤ ਸੀ, ਉਨ੍ਹਾਂ ਖ਼ਤਰਿਆਂ ਨੂੰ ਦੂਰ ਕਰਨ ਲਈ ਇਸ ਦੀ ਯੋਜਨਾ ਬਣਾਈ ਗਈ ਸੀ ਅਤੇ ਇਹ ਉਸੇ ਸਿਧਾਂਤਕ ਆਧਾਰ 'ਤੇ ਉਸਾਰਿਆ ਗਿਆ ਸੀ। ਨਾਲ ਹੀ ਮਾਓ ਜੇ ਤੁੰਗ ਦੀ ਅਗਵਾਈ ਦੇ ਜ਼ਰੀਏ ਇਹ ਉਨ੍ਹਾਂ ਸਾਰੇ ਹਾਂ-ਪੱਖੀ ਅਤੇ ਨਾਂਹ-ਪੱਖੀ ਇਤਿਹਾਸਕ ਤਜ਼ਰਬਿਆਂ ਨਾਲ ਅਮੀਰ ਅਤੇ ਨਰੋਆ ਵੀ ਬਣਾਇਆ ਗਿਆ ਹੈ, ਜੋ ਸੋਵੀਅਤ ਲੋਕਾਂ ਨੇ ਪਹਿਲੇ ਪੰਜਾਹ ਸਾਲਾਂ ਦੌਰਾਨ ਹਾਸਿਲ ਕੀਤੇ ਹਨ। ਸਭ ਤੋਂ ਪ੍ਰਮੁੱਖ ਗੱਲ ਇਹ ਹੈ ਕਿ ਇਹ ਚੀਨ ਵਿੱਚ ਹੀ ਹੋਇਆ ਹੈ ਕਿ ਮਾਓ ਦੀ ਅਗਵਾਈ ਵਿੱਚ ਕਿਰਤੀ ਲੋਕਾਂ ਨੇ ਲਗਾਤਾਰ, ਸਮੂਹਿਕ ਆਲੋਚਨਾ ਅਤੇ ਆਤਮ ਆਲੋਚਨਾ ਵਿੱਚ ਲੱਗ ਜਾਣ ਦੇ ਲਈ, ਸੰਘਰਸ਼ ਦੇ ਹਰ ਪੜਾਅ 'ਤੇ ਆਪਣੇ ਤਜ਼ਰਬਿਆਂ ਦਾ ਵਿਸ਼ਲੇਸ਼ਣ ਕਰਨ ਲਈ ਅਤੇ ਇਸ ਤਰ੍ਹਾਂ ਆਪਣਾ ਸੱਭਿਚਾਰਕ ਪੱਧਰ ਉਸ ਮੁਕਾਮ ਤੱਕ ਉੱਚਾ ਚੁੱਕਣ ਲਈ ਖ਼ੁਦ ਨੂੰ ਲਾਮਬੰਦ ਕਰ ਲਿਆ ਹੈ, ਜਿਸ ਮੁਕਾਮ 'ਤੇ ਪਹੁੰਚ ਕੇ "ਕਿਰਤੀ ਜਮਾਤਾਂ ਹਰ ਚੀਜ਼ ਵਿੱਚ ਆਪਣੀ ਅਗਵਾਈ ਲਾਗੂ ਕਰ ਸਕਣ।" ਪਰ ਸੰਘਰਸ਼ ਅਜੇ ਖਤਮ ਨਹੀਂ ਹੋਇਆ, ਜਿਵੇਂ ਕਿ ਮਾਓ ਜੇ ਤੁੰਗ ਨੇ ਕਿਹਾ ਹੈ :

"ਅਸੀਂ ਮਹਾਨ ਜਿੱਤ ਹਾਸਿਲ ਕੀਤੀ ਹੈ, ਪਰ ਹਾਰੀ ਹੋਈ ਜਮਾਤ ਅਜੇ ਵੀ ਸੰਘਰਸ਼ ਜਾਰੀ ਰੱਖੇਗੀ, ਉਹ ਲੋਕ ਅਜੇ ਵੀ ਆਲੇ ਦੁਆਲੇ ਹਨ ਅਤੇ ਇਹ ਜਮਾਤਾਂ ਅਜੇ ਵੀ ਮੌਜੂਦ ਹਨ। ਇਸ ਲਈ ਸੀਂ ਆਖਰੀ ਜਿੱਤ ਦੀ ਗੱਲ ਨਹੀਂ ਕਰ ਸਕਦੇ। ਸਾਨੂੰ ਆਪਣੀ ਚੌਕਸੀ ਕਦੇ ਵੀ ਢਿੱਲੀ ਨਹੀਂ ਕਰਨੀ ਚਾਹੀਦੀ। ਲੈਨਿਨਵਾਦੀ ਨਜ਼ਰੀਏ ਅਨੁਸਾਰ, ਇਕ ਸਮਾਜਵਾਦੀ ਦੇਸ਼ ਦੀ ਆਖਰੀ ਜਿੱਤ ਲਈ ਸਿਰਫ਼ ਘਰੇਲੂ ਪੱਧਰ 'ਤੇ ਹੀ ਪ੍ਰੋਲੇਤਾਰੀਆ ਅਤੇ ਵਿਆਪਕ ਲੋਕਾਈ ਦੇ ਯਤਨਾਂ ਦੀ ਲੋੜ ਨਹੀਂ ਹੁੰਦੀ, ਸਗੋਂ ਪਰ ਇਸ ਲਈ ਸੰਸਾਰ ਇਨਕਲਾਬ ਦੀ ਜਿੱਤ ਅਤੇ ਪੂਰੀ ਧਰਤੀ 'ਤੇ ਮਨੁੱਖ ਦੁਆਰਾ ਮਨੁੱਖ ਦੀ ਲੁੱਟ ਦੀ ਸਮਾਪਤੀ ਵੀ ਜ਼ਰੂਰੀ ਹੈ ਜਿਸ ਤੋਂ ਬਾਅਦ ਪੂਰੀ ਮਨੁੱਖਤਾ ਮੁਕਤ ਹੋ ਜਾਵੇਗੀ, ਇਸ ਲਈ ਸਾਡੇ ਦੇਸ਼ ਵਿੱਚ ਇਨਕਲਾਬ ਦੀ ਆਖਰੀ ਜਿੱਤ ਦੀ ਹਲਕੇ ਢੰਗ ਨਾਲ ਗੱਲ ਕਰਨਾ ਗ਼ਲਤ ਹੈ, ਇਹ ਲੈਨਿਨਵਾਦ ਦੇ ਉਲਟ ਹੈ ਅਤੇ ਤੱਥਾਂ ਨਾਲ ਮੇਲ ਨਹੀਂ ਖਾਂਦੀ।"

ਇਨ੍ਹਾਂ ਸਿੱਖਿਆਵਾਂ 'ਤੇ ਦ੍ਰਿੜ੍ਹਤਾ ਨਾਲ ਅਮਲ ਕਰਦੇ ਹੋਏ ਚੀਨੀ ਜਨਤਾ ਨੇ ਪੂਰੀ ਦੁਨੀਆ ਦੇ ਸਾਹਮਣੇ ਇਕ ਮਿਸਾਲ ਪੇਸ਼ ਕੀਤੀ ਹੈ।

('ਚਾਈਨਾ ਪਾਲਿਸੀ ਸਟੱਡੀ ਗਰੁੱਪ' ਲੰਡਨ ਦੇ ਮਾਸਿਕ ਬੁਲੇਟਿਨ 'ਬ੍ਰਾਡਸ਼ੀਟ' ਦੇ ਅਕਤੂਬਰ 1969 ਅੰਕ 'ਚੋਂ ਧੰਨਵਾਦ ਸਹਿਤ...)

**-ਪੰਜਾਬੀ ਅਨੁਵਾਦ : ਲਾਲਜੀਤ**

# ਭਾਰਤੀ ਖੇਤੀ ਵਿੱਚ ਪੂੰਜੀਵਾਦੀ...

**(ਸਫ਼ਾ 17 ਦਾ ਬਾਕੀ)**

ਰਕਬੇ ਦਾ 35.7% ਪਟੇਦਾਰੀ ਅਧੀਨ ਸੀ ਜੋ ਕਿ 1991-92 ਵਿੱਚ 8.3% ਰਹਿ ਗਿਆ। ਇਸ ਤੋਂ ਭਾਰਤ ਵਿੱਚ ਮੁਜ਼ਾਰੇ ਕਿਸਾਨਾਂ ਦੀ ਸੰਖਿਆ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਸਾਡੇ ਨਰੋਦਨਿਕਾਂ ਮੁਤਾਬਕ ਭਾਰਤ ਦੇ ਨਵ ਜ਼ਮਹੂਰੀ ਇਨਕਲਾਬ ਦਾ ਧੁਰਾ ਜ਼ਰਈ ਇਨਕਲਾਬ ਹੈ। ' ਬੇਜ਼ਮੀਨੇ ਮੁਜ਼ਾਰੇ ਕਿਸਾਨ ਜਿਸ ਦੀ ਮੁੱਖ ਤਾਕਤ ਹੋਣਗੇ। "ਜ਼ਮੀਨ ਹਲਵਾਹਕ ਦੀ" ਇਹ ਨਾਹਰਾ ਹੋਵੇਗਾ ਭਾਰਤ ਦੇ ਜ਼ਰਈ ਇਨਕਲਾਬ ਦਾ ਕੇਂਦਰੀ ਨਾਹਰਾ ਹੋਵੇਗਾ। ਭਾਰਤ ਵਿੱਚ ਅਜ਼ਾਦੀ ਤੋਂ ਬਾਅਦ ਦੇ ਦਹਾਕਿਆਂ ਵਿੱਚ ਮਾਲਕ ਕਿਸਾਨਾਂ ਦੀ ਸੰਖਿਆ ਵਿੱਚ ਤੇਜ਼ ਵਾਧਾ, ਅਤੇ ਮੁਜ਼ਾਰੇ ਕਿਸਾਨਾਂ ਦੀ ਸੰਖਿਆ ਵਿੱਚ ਤੇਜ਼ ਰਫਤਾਰ ਕਮੀ, ਸਾਡੇ ਨਰੋਦਨਿਕਾਂ ਲਈ ਇੱਕ ਦੁਖਦਾਈ ਖ਼ਬਰ, ਕਿਉਂ ਹੁਣ "ਜ਼ਮੀਨ ਹਲਵਾਹਕ ਦੀ" ਦੇ ਨਾਹਰੇ ਦੇ ਇਰਦ ਗਿਰਦ "ਬੇਜ਼ਮੀਨੇ ਕਿਸਾਨਾਂ" ਦੀ ਲਾਮਬੰਦੀ ਜ਼ਰੀਏ ਭਾਰਤ ਦੀ ਰਾਜਸੱਤਾ 'ਤੇ ' ਕਾਬਜ਼' ਹੋਣ ਦੀ ਇਹਨਾਂ ਦੀ ਹਸਰਤ , ਸਹਿਜ ਇੱਕ ਭੋਲਾ ਸੁਪਨਾ ਬਣ ਕੇ ਰਹਿ ਗਈ ਹੈ, ਕਿਉਂਕਿ ਜਦੋਂ ਇਥੇ ਬੇਜ਼ਮੀਨੇ ਮੁਜ਼ਾਰੇ ਕਿਸਾਨ ਹੀ ਨਹੀਂ ਰਹੇ ਤਾਂ ਫਿਰ 'ਜ਼ਮੀਨ ਹਲਵਾਹਕ ਦੀ ' ਦੇ ਨਾਹਰੇ 'ਤੇ 'ਲਮਕਵਾਂ ਲੋਕ ਯੁੱਧ' ਕੌਣ ਲੜੇਗਾ ? ਪਰ ਕਿਸਾਨਾਂ ਨਾਲ ਸਾਡੇ ਨਰੋਦਨਿਕਾਂ ਦਾ ਖਾਸਾ ਹੀ ਮੋਹ ਹੈ। ਕਿਸਾਨ ਚਾਹੇ ਮੁਜ਼ਾਰੇ ਹੋਣ ਭਾਵੇਂ ਮਾਲਕ, ਇਸ ਨਾਲ ਇਹਨਾਂ ਨੂੰ ਕੋਈ ਫਰਕ ਨਹੀਂ ਪੈਂਦਾ। ਮਜ਼ਾਰੇ ਕਿਸਾਨਾਂ ਲਈ ਜ਼ਮੀਨ